ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com
Also On
Visit on facebook
https://www.facebook.com/awazeqaumtv/videos/1948995821245311/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸ਼ੁੱਕਰਵਾਰ, 24 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੮ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਸੀ. ਆਈ. ਐੱਸ. ਐੱਫ. ਨੇ ਸੰਭਾਲੀ ਭਾਖੜਾ ਡੈਮ ਦੀ ਕਮਾਨ



**ਨੰਗਲ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ. ਆਈ. ਐੱਸ. ਐੱਫ.) ਨੇ ਨੰਗਲ ਵਿਚ ਭਾਖੜਾ ਡੈਮ ਪ੍ਰੋਜੈਕਟ ਦੀ ਸੁਰੱਖਿਆ ਸੰਭਾਲ ਲਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮਈ ਵਿਚ ਇਸ ਕੰਮ ਲਈ ਕੇਂਦਰੀ ਬਲ ਦੇ 296 ਹਥਿਆਰਬੰਦ ਸੁਰੱਖਿਆ ਕਰਮਚਾਰੀਆਂ ਦੀ ਇਕ ਟੁਕੜੀ ਨੂੰ ਮਨਜ਼ੂਰੀ ਦਿੱਤੀ ਸੀ। ਜਿਸ ਦੇ ਚੱਲਦੇ ਨੰਗਲ ਟਾਊਨਸ਼ਿਪ ਵਿਚ ਸੀ. ਆਈ. ਐੱਸ. ਐੱਫ. ਨੂੰ ਪ੍ਰੋਜੈਕਟ ਵਿਚ ਸ਼ਾਮਲ ਕਰਨ ਲਈ ਇਕ ਸਮਾਰੋਹ ਕੀਤਾ ਗਿਆ। ਇਹ ਡੈਮ ਸਤਲੁਜ ਨਦੀ 'ਤੇ ਬਣਾਇਆ ਗਿਆ ਹੈ ਅਤੇ 261 ਮੀਟਰ ਟੀਹਰੀ ਡੈਮ ਤੋਂ ਬਾਅਦ 225.55 ਮੀਟਰ 'ਤੇ ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਹੈ। ਪਾਣੀ ਦੇ ਭੰਡਾਰਨ ਦੇ ਮਾਮਲੇ ਵਿਚ ਇਹ ਭਾਰਤ ਵਿਚ ਦੂਜਾ ਸਭ ਤੋਂ ਵੱਡਾ ਭੰਡਾਰ ਹੈ, ਪਹਿਲਾ ਮੱਧ ਪ੍ਰਦੇਸ਼ ਵਿਚ ਇੰਦਰਾ ਸਾਗਰ ਡੈਮ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਕੇਂਦਰ ਦੇ ਇਸ ਫ਼ੈਸਲੇ ਖ਼ਿਲਾਫ਼ ਪੰਜਾਬ ਵਿਧਾਨ ਸਭਾ ਨੇ ਜੁਲਾਈ ਵਿਚ ਭਾਖੜਾ-ਨੰਗਲ ਡੈਮ ਪ੍ਰੋਜੈਕਟ 'ਤੇ ਸੀਆਈਐੱਸਐੱਫ ਕਰਮਚਾਰੀਆਂ ਦੀ ਤਾਇਨਾਤੀ ਦੇ ਵਿਰੁੱਧ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਸੀ। ਡੈਮ ਦੀ ਸੁਰੱਖਿਆ ਹੁਣ ਤੱਕ ਪੰਜਾਬ ਪੁਲਸ ਦੁਆਰਾ ਕੀਤੀ ਜਾ ਰਹੀ ਸੀ।

## ਲੁਧਿਆਣਾ ਵਿਖੇ ਇੱਕ ਘਰ 'ਚ ਰੱਖੇ ਪਟਾਕਿਆਂ 'ਚ ਬਲਾਸਟ

# ਧਮਾਕੇ ਕਾਰਨ ਬੱਚਿਆਂ ਸਮੇਤ ਕਰੀਬ 15 ਲੋਕ ਝੁਲਸੇ

**ਲੁਧਿਆਣਾ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਦੇ ਚੀਮਾ ਚੌਂਕ ਨਜ਼ਦੀਕ ਇੰਦਰਾ ਕਲੋਨੀ 'ਚ ਇੱਕ ਘਰ ਵਿੱਚ ਰੱਖੇ ਪਟਾਕਿਆਂ 'ਚ ਬਲਾਸਟ ਹੋਇਆ ਹੈ। ਲੋਕਾਂ ਦੇ ਦੱਸਣ ਮੁਤਾਬਕ ਇਸ ਘਰ ਵਿੱਚ ਪਟਾਕੇ ਬਣਾਏ ਜਾਂਦੇ ਸੀ। ਬਰੂਦ ਨੂੰ ਅੱਗ ਲੱਗਣ ਕਾਰਨ ਧਮਾਕਾ ਹੋਇਆ ਸੀ। ਇਸ ਧਮਾਕੇ ਦੇ ਕਾਰਨ ਬੱਚਿਆਂ ਸਮੇਤ ਕਰੀਬ 15 ਲੋਕ ਝੁਲਸ ਗਏ ਹਨ। ਬਲਾਸਟ ਹੋਣ ਨਾਲ ਘਰ ਦੇ ਅੰਦਰ ਅੱਗ ਲੱਗ ਗਈ, ਜਿਸ ਨਾਲ ਸਾਰਾ ਸਮਾਨ ਸੜ ਗਿਆ। ਦੱਸਿਆ ਜਾ ਰਿਹਾ ਕਿ ਸ਼ਾਰਟ ਸਰਕਿਟ ਦੇ ਕਾਰਨ ਇਹ ਹਾਦਸਾ ਵਾਪਰਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਘਰ ਵਿੱਚ ਬਾਰੂਦ ਵੀ ਰੱਖਿਆ ਗਿਆ ਸੀ, ਜਿਸ ਨਾਲ ਪਟਾਕੇ ਬਣਾਏ ਜਾ ਰਹੇ ਸੀ। ਇਨ੍ਹਾਂ ਨੂੰ ਅਗਲੇ ਸਾਲ ਦੀਵਾਲੀ 'ਤੇ ਵੇਚਣ ਲਈ ਸਟੋਰ ਕੀਤਾ ਗਿਆ ਸੀ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ 'ਤੇ ਕਾਬੂ ਪਾਇਆ। ਗੁਆਂਢੀਆਂ ਨੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ। ਧਮਾਕੇ ਦੀ ਆਵਾਜ਼ ਸੁਣ ਕੇ ਆਂਢ-ਗੁਆਂਢ ਦੇ ਵਸਨੀਕ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ। ਲੁਧਿਆਣਾ ਦੇ ਚੀਮਾ ਚੌਕ ਨੇੜੇ ਇੰਦਰਾ ਕਲੋਨੀ ਵਿੱਚ ਪਟਾਕਿਆਂ 'ਚ ਬਲਾਸਟ ਹੋਣ ਨਾਲ ਗੁਆਂਢ ਵਿੱਚ ਰਹਿਣ ਵਾਲਾ ਇੱਕ ਲੜਕਾ ਵੀ ਝੁਲਸ ਗਿਆ। ਗੁਆਂਢੀ ਊਸ਼ਾ ਦੇਵੀ ਨੇ ਕਿਹਾ ਕਿ ਉਸਦਾ ਪੁੱਤਰ ਘਰ ਦੀ ਉੱਪਰਲੀ ਮੰਜ਼ਿਲ 'ਤੇ ਸੀ। ਹਾਦਸੇ ਵਿੱਚ ਉਹ ਵੀ ਸੜ ਗਿਆ ਹੈ ਉਸਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਊਸ਼ਾ ਦਾ ਕਹਿਣਾ ਹੈ ਕਿ ਇਹ ਲੋਕ ਪਟਾਕੇ ਅਤੇ ਰਾਵਣ ਦੀਆਂ ਮੂਰਤੀਆਂ ਬਣਾਉਂਦੇ ਹਨ। ਘਰ ਵਿੱਚ ਬਾਰੂਦ ਰੱਖਿਆ ਹੋਇਆ ਸੀ। ਫਾਇਰ ਅਫਸਰ ਜਸ਼ਿਨ ਕੁਮਾਰ ਨੇ ਕਿਹਾ ਕਿ ਜਦੋਂ ਤੱਕ ਉਹ ਪਹੁੰਚੇ, ਘਰ ਵਿੱਚ ਲੱਗੀ ਅੱਗ ਬੁਝ ਚੁੱਕੀ ਸੀ। ਧਮਾਕੇ ਤੋਂ ਪ੍ਰਭਾਵਿਤ ਲੋਕਾਂ ਨੂੰ ਬਾਹਰ ਕੱਢ ਕੇ ਹਸਪਤਾਲ ਲਿਜਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਬਿਲਡਿੰਗ ਵਿੱਚ ਪਟਾਕਿਆਂ ਦਾ ਸਟੋਰ ਬਣਾਇਆ ਗਿਆ ਸੀ ਅਤੇ ਓਸੇ 'ਚ ਬਲਾਸਟ ਹੋਇਆ ਹੈ। ਫੋਰੈਂਸਿਕ ਟੀਮ ਉਸ ਘਰ ਪਹੁੰਚ ਗਈ ਹੈ, ਜਿੱਥੇ ਧਮਾਕਾ ਹੋਇਆ। ਟੀਮ ਧਮਾਕੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ ਅਤੇ ਬਾਰੂਦ ਦੇ ਨਮੂਨੇ ਇਕੱਠੇ ਕਰ ਰਹੀ ਹੈ। ਇਸ ਦੌਰਾਨ ਸਿਵਲ ਹਸਪਤਾਲ ਦੇ ਐਸਐਮਓ ਡਾ. ਅਖਿਲ ਸਰੀਨ ਨੇ ਦੱਸਿਆ ਕਿ ਕੁੱਲ ਅੱਠ ਮਰੀਜ਼ਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਾਰਿਆਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ ਹੈ। ਪੰਜ ਲੋਕਾਂ ਨੂੰ ਉੱਚ ਕੇਂਦਰ ਵਿੱਚ ਰੈਫਰ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਚਿਹਰੇ ਗੰਭੀਰ ਰੂਪ ਵਿੱਚ ਸੜ ਗਏ ਸਨ।




## ਲੁਧਿਆਣਾ ਦੇ ਵੇਰਕਾ ਮਿਲਟ ਪਲਾਂਟ 'ਚ ਧਮਾਕਾ, 1 ਦੀ ਮੌਤ, 5 ਲੋਕ ਜ਼ਖ਼ਮੀ

**ਲੁਧਿਆਣਾ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਦੇ ਵੇਰਕਾ ਮਿਲਕ ਪਲਾਂਟ ਵਿੱਚ ਦੇਰ ਰਾਤ ਇੱਕ ਵੱਡਾ ਹਾਦਸਾ ਹੋ ਗਿਆ। ਮਿਲਕ ਪਲਾਂਟ ਦੇ ਵਿੱਚ ਸਥਿਤ ਦੁੱਧ ਤੋਂ ਪਾਊਡਰ ਬਣਾਉਣ ਵਾਲਾ ਇੱਕ ਵੱਡਾ ਸਟੀਮ ਬੋਇਲਰ ਫੱਟ ਜਾਣ ਕਰਕੇ ਬੋਇਲਰ ਦੇ ਮੁੱਖ ਇੰਜੀਨੀਅਰ ਕੁਨਾਲ ਜੈਨ ਦੀ ਮੌਤ ਹੋ ਗਈ ਜਦੋਂ ਕਿ ਚਾਰ ਹੋਰ ਫੋਰਮੈਨ ਸਣੇ ਮੁਲਾਜ਼ਮ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਦੇ ਲਈ ਲੁਧਿਆਣਾ ਦੇ ਡੀਐਮਸੀ ਹਸਪਤਾਲ ਦੇ ਵਿੱਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਉਹਨਾਂ ਦੀ ਹਾਲਤ ਕਾਫੀ ਗੰਭੀਰ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵੇਰਕਾ ਮਿਲਕ ਪਲਾਂਟ ਦੇ ਜਨਰਲ ਮੈਨੇਜਰ ਨੇ ਦੱਸਿਆ ਕਿ ਬੀਤੀ ਦੇਰ ਰਾਤ ਲਗਭਗ 11 ਵਜੇ ਦੇ ਕਰੀਬ ਇਹ ਹਾਦਸਾ ਹੋਇਆ ਜਦੋਂ ਟਰਾਇਲ ਲਿਆ ਜਾ ਰਿਹਾ ਸੀ। ਉਹਨਾਂ ਕਿਹਾ ਕਿ ਅੱਜ ਸਵੇਰੇ ਵੀ ਬੋਇਲਰ ਚਲਾਇਆ ਜਾਣਾ ਸੀ। ਉਹਨਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਕੁਨਾਲ ਜੈਨ ਸਾਡੇ ਕੋਲ ਕੰਮ ਕਰ ਰਿਹਾ ਸੀ। ਉਹਨਾਂ ਕਿਹਾ ਕਿ ਜਾਂਚ ਲਈ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ ਅਤੇ ਪਰਿਵਾਰ ਦੀ ਅਸੀਂ ਪੂਰੀ ਮਦਦ ਕਰਾਂਗੇ ਉਹਨਾਂ ਕਿਹਾ ਕਿ ਇਹ ਇੱਕ ਹਾਦਸਾ ਹੈ। ਕਿਸੇ ਨੇ ਵੀ ਉਸ ਨੂੰ ਜਬਰਨ ਫੋਨ ਕਰਕੇ ਨਹੀਂ ਬੁਲਾਇਆ ਕਿਉਂਕਿ ਉਹ ਖੁਦ ਹੀ ਆਪਣੀ ਡਿਊਟੀ ਪ੍ਰਤੀ ਬਹੁਤ ਹੀ ਜ਼ਿਆਦਾ ਵਫਾਦਾਰ ਸੀ। ਉਹਨੇ ਕਿਹਾ ਕਿ ਉਸਦੀ ਪਤਨੀ ਵੀ ਇਸੇ ਮਿਲਕ ਪਲਾਂਟ ਵਿੱਚ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪਰਿਵਾਰ ਦੇ ਨਾਲ ਹੈ। ਮ੍ਰਿਤਕ ਕੁਨਾਲ ਜੈਨ ਏ ਗਰੇਡ 'ਤੇ ਤੈਨਾਤ ਸੀ, ਕੁਝ ਦਿਨ ਪਹਿਲਾਂ ਹੀ ਉਸ ਦੀ ਪ੍ਰਮੋਸ਼ਨ ਕੀਤੀ ਗਈ ਸੀ ਉਸ ਦੀ ਪਤਨੀ ਵੀ ਵੇਰਕਾ ਮਿਲਕ ਪਲਾਂਟ ਦੇ ਵਿੱਚ ਕੱਚੀ ਮੁਲਾਜ਼ਮ ਹੈ। ਦੇਰ ਰਾਤ ਉਸ ਨੂੰ ਫੋਨ ਕਰਕੇ ਬੁਲਾਇਆ ਗਿਆ, ਜਿਸ ਤੋਂ ਬਾਅਦ ਇਹ ਹਾਦਸਾ ਵਾਪਰਿਆ। ਉਸ ਦੇ ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੇ ਸਵਾਲ ਖੜੇ ਕੀਤੇ ਨੇ ਕਿ ਉਸ ਤੇ ਦਬਾਅ ਪਾ ਕੇ ਉਸ ਨੂੰ ਦੇਰ ਰਾਤ ਬੁਲਾਇਆ ਗਿਆ ਸੀ। ਕਿਸ ਨੇ ਉਸਨੂੰ ਫੋਨ ਕੀਤਾ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਮੌਕੇ 'ਤੇ ਪਹੁੰਚੇ ਸਰਾਭਾ ਨਗਰ ਪੁਲਿਸ ਸਟੇਸ਼ਨ ਤੋਂ ਜਾਂਚ ਅਧਿਕਾਰੀ ਨੇ ਕਿਹਾ ਕਿ ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਨ। ਉਹਨਾਂ ਕਿਹਾ ਕਿ ਇੱਕ ਵਿਅਕਤੀ ਦੀ ਮੌਤ ਹੋਈ ਹੈ ਜਦੋਂ ਕਿ ਚਾਰ ਹੋਰ ਜ਼ਖਮੀ ਨੇ ਜਿਨਾਂ ਦਾ ਇਲਾਜ ਲੁਧਿਆਣਾ ਦੇ ਡੀਐਮਸੀ ਹਸਪਤਾਲ ਦੇ ਵਿੱਚ ਚੱਲ ਰਿਹਾ ਹੈ।

## 'ਫੇਕ ਵੀਡੀਓ' ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਦਾਅਵਾ

**ਚੰਡੀਗੜ੍ਹ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਪਹਿਲੀ ਵਾਰ ਵਾਇਰਲ ਕੀਤੀਆਂ ਗਈਆਂ ਕਥਿਤ ਫੇਕ ਵੀਡੀਓ ਉਤੇ ਬੋਲੇ ਹਨ। ਦਰਅਸਲ ਪੱਤਰਕਾਰ ਵੱਲੋਂ ਜਦੋਂ ਉਨ੍ਹਾਂ ਕੋਲੋਂ ਇਸ ਫੇਕ ਵੀਡੀਓ ਬਾਰੇ ਪੁੱਛਿਆ ਗਿਆ ਅਤੇ ਕਿਹਾ ਗਿਆ ਕਿ ਕੁਝ ਆਗੂ ਇਸ ਵੀਡੀਓ ਨੂੰ ਵਾਇਰਲ ਕਰ ਰਹੇ ਤਾਂ ਉਨ੍ਹਾਂ ਕਿਹਾ ਕਿ ਭਾਜਪਾ ਕੋਲ ਫੇਕ ਤੋਂ ਬਿਨਾਂ ਹੋਰ ਹੈ ਵੀ ਕੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਫੇਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਭਾਜਪਾ ਵੱਲੋਂ ਲਗਾਤਾਰ ਸਰਕਾਰ 'ਤੇ ਨਿਸ਼ਾਨੇ ਸਾਧੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਭਾਜਪਾ ਆਗੂਆਂ ਵੱਲੋਂ ਜਾਣ ਬੁੱਛ ਕੇ ਇਸ ਵੀਡੀਓ ਨੂੰ ਵਾਇਰਲ ਕੀਤਾ ਜਾ ਰਿਹਾ ਹੈ।



ਦੂਜੇ ਪਾਸੇ ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਭਾਜਪਾ ਆਗੂ ਇਸ ਵੀਡੀਓ ਨੂੰ ਵਾਇਰਲ ਕਰ ਰਹੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਮੋਹਾਲੀ ਦੀ ਕੋਰਟ ਨੇ ਫੇਸਬੁੱਕ ਤੇ ਗੂਗਲ ਨੂੰ ਏਆਈ ਦੀ ਮਦਦ ਨਾਲ ਤਿਆਰ ਡੀਪ ਫੇਕ ਵੀਡੀਓ ਇੰਟਰਨੈੱਟ ਤੋਂ ਹਟਾਉਣ ਦੇ ਹੁਕਮ ਦਿੱਤੇ ਹਨ। ਆਮ ਆਦਮੀ ਪਾਰਟੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਏਆਈ ਡੀਪ ਫੇਕ ਵੀਡੀਓ ਸੱਜੇ-ਪੱਖੀ ਟਰੋਲਰਜ਼ ਵੱਲੋਂ ਸਾਂਝਾ ਕੀਤਾ ਜਾ ਰਿਹਾ ਹੈ। ਇਹ ਇਕ ਫ਼ਰਜ਼ੀ ਵੀਡੀਓ ਹੈ ਅਤੇ ਕੋਰਟ ਨੇ ਇਸ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਹਨ।

ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਜਾ ਰਹੀਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਫੇਕ ਵੀਡੀਓਜ਼ ਬਾਰੇ ਅੱਜ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਤੇਜ ਪੰਨੂ ਵੱਲੋਂ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਇਹ ਪੂਰਾ ਘਟਨਾਕ੍ਰਮ ਵਿਰੋਧੀਆਂ ਵੱਲੋਂ ਚਲਾਇਆ ਜਾ ਰਿਹਾ ਪ੍ਰੋਪੇਗੰਡਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਵੀਡੀਓਜ਼ ਸ਼ੇਅਰ ਕਰਨ ਵਾਲੇ ਅਕਾਊਂਟਸ ਭਾਰਤੀ ਜਨਤਾ ਪਾਰਟੀ ਦੇ ਸੋਸ਼ਲ ਮੀਡੀਆ ਵਿੰਗ ਨਾਲ ਜੁੜੇ ਹੋਏ ਹਨ। ਬਲਤੇਜ ਪੰਨੂ ਨੇ ਦੱਸਿਆ ਕਿ ਵੀਡੀਓਜ਼ ਅਪਲੋਡ ਕਰਨ ਵਾਲਾ ਵਿਅਕਤੀ ਕੈਨੇਡਾ ਵਿਚ ਰਹਿੰਦਾ ਹੈ ਤੇ ਉਸ 'ਤੇ ਪਹਿਲਾਂ ਵੀ ਧੋਖਾਧੜੀ ਦੇ ਕਈ ਦੋਸ਼ ਲੱਗ ਚੁੱਕੇ ਹਨ। ਇਸੇ ਵਿਅਕਤੀ ਨੇ ਕੁਝ ਸਮਾਂ ਪਹਿਲਾਂ ਕੇਂਦਰੀ ਮੰਤਰੀ ਦੀਆਂ ਵੀਡੀਓਜ਼ ਵੀ ਪਾਈਆਂ ਸਨ। ਉਨ੍ਹਾਂ ਕਿਹਾ ਕਿ ਮੋਹਾਲੀ ਦੀ ਅਦਾਲਤ ਨੇ ਵੀ ਮੁੱਖ ਮੰਤਰੀ ਦੀਆਂ ਇਨ੍ਹਾਂ ਵੀਡੀਓਜ਼ ਨੂੰ ਫੇਕ ਦੱਸਿਆ ਹੈ ਤੇ 24 ਘੰਟਿਆਂ ਅੰਦਰ ਇਨ੍ਹਾਂ ਨੂੰ ਹਟਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

## 'ਕਾਰਬਾਈਡ ਗੰਨ' ਦਾ ਕਹਿਰ, ਦੀਵਾਲੀ 'ਤੇ 14 ਬੱਚਿਆਂ ਦੀਆਂ ਅੱਖਾਂ ਖੋਹੀਆਂ, 122 ਕੇਸ ਆਏ ਸਾਹਮਣੇ

**ਨਵੀਂ ਦਿੱਲੀ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-"ਕਾਰਬਾਈਡ ਬੰਦੂਕਾਂ" ਦਾ ਇੱਕ ਖ਼ਤਰਨਾਕ ਨਵਾਂ ਰੁਝਾਨ ਮਾਸੂਮ ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਖੋਹ ਰਿਹਾ ਹੈ। "ਦੇਸੀ ਪਟਾਕੇ ਬੰਦੂਕਾਂ" ਜਾਂ "ਜੁਗਾੜੀ ਬੰਬ" ਕਹੇ ਜਾਣ ਵਾਲੇ, ਇਹ ਬੱਚਿਆਂ ਲਈ ਖ਼ਤਰਨਾਕ ਖਿਡੌਣੇ ਸਾਬਤ ਹੋ ਰਹੇ ਹਨ। ਇਸ ਗੈਰ-ਕਾਨੂੰਨੀ ਅਤੇ ਖ਼ਤਰਨਾਕ ਮਿਸ਼ਰਣ ਨੇ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਬਿਹਾਰ ਸਮੇਤ ਕਈ ਰਾਜਾਂ ਵਿੱਚ ਬੱਚਿਆਂ ਦੀਆਂ ਅੱਖਾਂ ਨੂੰ ਗੰਭੀਰ ਸੱਟਾਂ ਲਗਾਈਆਂ ਹਨ। ਇਹ ਦੇਸੀ ਬੰਦੂਕ ਸਿਰਫ਼ ਇੱਕ ਗੈਸ ਲਾਈਟਰ, ਇੱਕ ਪਲਾਸਟਿਕ ਪਾਈਪ ਅਤੇ ਆਸਾਨੀ ਨਾਲ ਉਪਲਬਧ ਕੈਲਸ਼ੀਅਮ ਕਾਰਬਾਈਡ ਤੋਂ ਬਣਾਈ ਜਾਂਦੀ ਹੈ। ਜਦੋਂ ਪਾਈਪ ਵਿੱਚ ਕੈਲਸ਼ੀਅਮ ਕਾਰਬਾਈਡ ਪਾਣੀ ਵਿੱਚ ਰਲਦਾ ਹੈ, ਤਾਂ ਐਸੀਟਲੀਨ ਗੈਸ ਪੈਦਾ ਹੁੰਦੀ ਹੈ। ਇੱਕ ਛੋਟੀ ਜਿਹੀ ਚੰਗਿਆੜੀ ਇੱਕ ਵੱਡਾ ਧਮਾਕਾ ਕਰਦੀ ਹੈ, ਅਤੇ ਜਦੋਂ ਪਾਈਪ ਫਟਦੀ ਹੈ, ਤਾਂ ਪਲਾਸਟਿਕ ਦੇ ਛੋਟੇ ਟੁਕੜੇ, ਜਿਵੇਂ ਕਿ ਸ਼ਰੈਪਨਲ, ਬਾਹਰ ਨਿਕਲਦੇ ਹਨ, ਜਿਸ ਨਾਲ ਖਾਸ ਕਰਕੇ ਅੱਖਾਂ ਵਿੱਚ ਗੰਭੀਰ ਸੱਟਾਂ ਲੱਗਦੀਆਂ ਹਨ। ਬੱਚੇ ਅਕਸਰ ਉਤਸੁਕਤਾ ਨਾਲ ਝਾਤੀ ਮਾਰਦੇ ਹਨ ਅਤੇ ਉਸੇ ਸਮੇਂ ਧਮਾਕਾ ਹੁੰਦਾ ਹੈ, ਜਿਸ ਨਾਲ ਚਿਹਰੇ, ਅੱਖਾਂ ਅਤੇ ਕੌਰਨੀਆ ਨੂੰ ਗੰਭੀਰ ਨੁਕਸਾਨ ਹੁੰਦਾ ਹੈ। ਭੋਪਾਲ ਦੇ ਹਸਪਤਾਲਾਂ ਵਿੱਚ ਜਾਣ ਵਾਲੇ ਮਰੀਜ਼ਾਂ ਦੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਸੈਂਕੜੇ ਮਾਮਲਿਆਂ ਵਿੱਚੋਂ 20-30 ਪ੍ਰਤੀਸ਼ਤ ਨੂੰ ਗੰਭੀਰ ਨੁਕਸਾਨ ਹੋਇਆ ਹੈ। ਕਈਆਂ ਨੂੰ ਤੁਰੰਤ ਸਰਜਰੀ ਦੀ ਲੋੜ ਸੀ, ਅਤੇ ਕੁਝ ਮਾਮਲਿਆਂ ਵਿੱਚ, ਕੌਰਨੀਆ ਟ੍ਰਾਂਸਪਲਾਂਟ ਵੀ। ਜਿਨ੍ਹਾਂ ਨੂੰ ਮਾਮੂਲੀ ਜਲਣ ਦੀਆਂ ਸੱਟਾਂ ਹਨ, ਉਨ੍ਹਾਂ 'ਤੇ ਪੱਟੀਆਂ ਬੰਨ੍ਹੀਆਂ ਗਈਆਂ ਹਨ ਅਤੇ ਘਰ ਭੇਜ ਦਿੱਤੇ ਗਏ ਹਨ, ਪਰ ਹੁਣ ਹੋਰ ਗੰਭੀਰ ਮਾਮਲਿਆਂ ਲਈ ਆਪ੍ਰੇਸ਼ਨਾਂ ਅਤੇ ਫਾਲੋ-ਅੱਪ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਕਾਰਬਾਈਡ ਬੰਦੂਕਾਂ ਦੀ ਵਰਤੋਂ ਕਾਰਨ ਅੱਖਾਂ ਦੀਆਂ ਗੰਭੀਰ ਸੱਟਾਂ ਦੇ ਮਾਮਲਿਆਂ ਵਿੱਚ ਅਚਾਨਕ, ਚਿੰਤਾਜਨਕ ਵਾਧਾ ਹੋਇਆ ਹੈ। ਰਿਪੋਰਟ ਦੇ ਅਨੁਸਾਰ, ਸਿਰਫ਼ ਤਿੰਨ ਦਿਨਾਂ ਵਿੱਚ ਮੱਧ ਪ੍ਰਦੇਸ਼, ਜਿਸ ਵਿੱਚ ਭੋਪਾਲ, ਇੰਦੌਰ, ਗਵਾਲੀਅਰ ਅਤੇ ਜਬਲਪੁਰ ਸ਼ਾਮਲ ਹਨ, ਵਿੱਚ 122 ਤੋਂ ਵੱਧ ਬੱਚਿਆਂ ਨੂੰ ਅੱਖਾਂ ਦੀਆਂ ਗੰਭੀਰ ਸੱਟਾਂ ਵਾਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਵਿਦਿਸ਼ਾ ਜ਼ਿਲ੍ਹੇ ਵਿੱਚ, ਖੁੱਲ੍ਹੇਆਮ ਵੇਚੀਆਂ ਜਾ ਰਹੀਆਂ ਇਮਪ੍ਰੋਵਾਈਜ਼ਡ ਕਾਰਬਾਈਡ ਬੰਦੂਕਾਂ ਨੇ 14 ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਖੋਹ ਲਈ ਹੈ।



## ਪਟਿਆਲਾ 'ਚ ਡੇਂਗੂ ਦਾ ਕਹਿਰ ਜਾਰੀ, ਜ਼ਿਲ੍ਹੇ 'ਚ ਡੇਂਗੂ ਦੇ 426 ਕੇਸ ਆਏ ਸਾਹਮਣੇ, ਨਾਭਾ ਬਣਿਆ ਡੇਂਗੂ ਦਾ ਗੜ੍ਹ



**ਨਾਭਾ/ਪਟਿਆਲਾ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਵਿੱਚ ਪਿਛਲੇ ਕਈ ਦਿਨਾਂ ਤੋਂ ਡੇਂਗੂ ਦੇ ਕੇਸਾਂ ਵਿੱਚ ਵਾਧਾ ਵੇਖਿਆ ਜਾ ਰਿਹਾ ਹੈ। ਉੱਥੇ ਹੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚੋਂ ਸਭ ਤੋਂ ਜ਼ਿਆਦਾ ਕੇਸ ਇਸ ਵਕਤ ਪਟਿਆਲਾ ਵਿੱਚ ਹੀ ਦਰਜ ਕੀਤੇ ਗਏ ਹਨ। ਪਟਿਆਲਾ ਵਿੱਚ 426 ਦਾ ਆਂਕੜਾ ਡੇਂਗੂ ਦੇ ਕੇਸਾਂ ਵਿੱਚ ਸਾਹਮਣੇ ਆਇਆ ਹੈ, ਜਦਕਿ 2024 ਵਿੱਚ ਇਹੀ ਆਂਕੜਾ ਤਕਰੀਬਨ 156 ਦੇ ਕਰੀਬ ਸੀ। ਉੱਥੇ ਹੀ, ਜਦੋਂ ਇਸ ਬਾਰੇ ਨੋਡਲ ਅਫਸਰ ਡਾ. ਸੁਮਿਤ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਨਾਲੋਂ ਇਸ ਵਾਰ ਸਾਡੀ ਟੈਸਟਿੰਗ ਦੀ ਗਤੀ ਤੇਜ਼ ਹੈ, ਜਿਸ ਕਰਕੇ ਵੱਧ ਕੇਸ ਸਾਹਮਣੇ ਆ ਰਹੇ ਹਨ। 2025 ਵਿੱਚ ਕੁੱਲ 5011 ਟੈਸਟਾਂ ਘਰਾਂ ਵਿੱਚ ਜਾ ਕੇ ਕੀਤੀਆਂ ਗਈਆਂ, ਜਦਕਿ 2024 ਵਿੱਚ ਇਹ ਗਿਣਤੀ ਸਿਰਫ਼ 1538 ਟੈਸਟਾਂ ਦੀ ਸੀ। ਡਾ. ਸੁਮਿਤ ਨੇ ਜਾਣਕਾਰੀ ਦਿੰਦਿਆਂ ਇਹ ਵੀ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਨਾਭਾ ਹੈ, ਜਿੱਥੇ ਤਕਰੀਬਨ 148 ਕੇਸ ਸਾਹਮਣੇ ਆਏ ਹਨ। ਉੱਥੇ ਹੀ ਰਾਜਪੁਰਾ ਵਿੱਚ 5 ਕੇਸ, ਸਮਾਣਾ ਵਿੱਚ 14 ਕੇਸ ਅਤੇ ਅਰਬਨ ਪਟਿਆਲਾ ਵਿੱਚ 98 ਕੇਸ ਦਰਜ ਕੀਤੇ ਗਏ ਹਨ। ਇਸ ਡੇਂਗੂ ਦੀ ਚਪੇਟ ਵਿੱਚ ਆਏ ਮਰੀਜ਼ਾਂ ਵਿੱਚ 202 ਪੁਰਸ਼ ਅਤੇ 224 ਮਹਿਲਾਵਾਂ ਸ਼ਾਮਲ ਹਨ। ਇਹ ਦੱਸਣਯੋਗ ਹੈ ਕਿ ਡੇਂਗੂ ਦੇ ਵੱਧਣ ਦਾ ਮੁੱਖ ਕਾਰਨ ਗੰਦਗੀ ਅਤੇ ਖੜ੍ਹਾ ਪਾਣੀ ਹੈ, ਜਿਸ ਨੂੰ ਲੈ ਕੇ ਨਗਰ ਨਿਗਮ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਸਮੇਂ-ਸਮੇਂ 'ਤੇ ਫੋਗਿੰਗ ਅਤੇ ਸਾਫ਼-ਸਫ਼ਾਈ ਦਾ ਖਾਸ ਧਿਆਨ ਰੱਖਣ। ਜੇਕਰ ਕਿਸੇ ਘਰ ਵਿੱਚ ਗੰਦਗੀ ਨਜ਼ਰ ਆਉਂਦੀ ਹੈ ਤਾਂ ਸਿਹਤ ਵਿਭਾਗ ਦੀਆਂ ਟੀਮਾਂ ਉੱਥੇ ਜਾ ਕੇ ਐਕਸ਼ਨ ਵੀ ਲੈ ਰਹੀਆਂ ਹਨ।

## ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025

# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

ਇੰਟਰਨੈਸ਼ਨਲ ਪੰਥਕ ਦਲ INTERNATIONAL PANTHIC DAL

# ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



**ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ**
(ਬਾਨੀ ਇੰਟਰਨੈਸ਼ਨਲ ਪੰਥਕ ਦਲ)
ਅਤੇ ਸਾਬਕਾ ਜਥੇਦਾਰ, ਸ਼੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



**ਭਾਈ ਪਰਮਜੀਤ ਸਿੰਘ ਢਾਡੀ**
ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



**ਭਾਈ ਰਘਵੀਰ ਸਿੰਘ**
ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



**ਭਾਈ ਕਪਤਾਨ ਸਿੰਘ**
ਜਰਨਲ ਸਕੱਤਰ ਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ – ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ** : ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ** : ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ – "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ** : ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ** : ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ – **"ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।"**

## ਚੋਣ ਮਿਤੀ:
## 11 ਨਵੰਬਰ 2025

**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**
**ਉਮੀਦਵਾਰ: ਭਾਈ ਮਨਦੀਪ ਸਿੰਘ**
**(ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੰਨੀ)
ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM International Newspaper & WEB TV

--✶ ਜਾਰੀ ਕਰਤਾ ✶--

# ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.
ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net





ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ TV AWAZE QAUM




ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥





ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਾ ਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ





ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

## 29ਵਾਂ ਸਲਾਨਾ ਗੁਰਮਤਿ ਸਮਾਗਮ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**

**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ** ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਟੁੱਟ ਵਰਤਣਗੇ।





ਬੇਨਤੀ ਕਰਤਾ

**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**

ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰ. 98141-27470, 84278-66404, 73408-35137


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV

# ਬੱਬਰਾਂ ਦੇ ਹਾਈਕੋਰਟ ਗੁਰਦੁਆਰਾ ਸਹੀਦਾਂ ਜੱਸੋਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਿਤ ਸਮਾਗਮਾਂ ਦੀ ਹੋਈ ਆਰੰਭਤਾ











ਜੱਸੋਵਾਲ - ਗੁਰਦੁਆਰਾ ਸ਼ਹੀਦਾਂ ਜੱਸੋਵਾਲ (ਬੱਬਰਾਂ ਦਾ ਹਾਈ ਕੋਰਟ) ਵਿਖੇ 1 ਨਵੰਬਰ ਨੂੰ ਹੋਣ ਵਾਲੇ ਵੱਡੇ ਧਾਰਮਿਕ ਸਮਾਗਮ ਲਈ ਤਿਆਰੀਆਂ ਜੋਰਾਂ 'ਤੇ ਹਨ। ਇਸ ਸਬੰਧ ਵਿੱਚ ਸੰਤ ਚਰਨਜੀਤ ਸਿੰਘ ਜੱਸੋਵਾਲ, ਜੋ ਕਿ ਦਮਦਮੀ ਟਕਸਾਲ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਹਨ, ਨੇ ਅੱਜ ਪਿੰਡ ਉਗੋਵਾਲ ਦੀਆਂ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਦੇ ਕੇ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਕਿਹਾ ਕਿ ਗੁਰਦੁਆਰਾ ਸਹੀਦਾਂ ਜੱਸੋਵਾਲ ਵਿਖੇ ਇਹ ਸਮਾਗਮ ਗੁਰਮਤਿ ਪ੍ਰਚਾਰ, ਕੀਰਤਨ ਦਰਬਾਰ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਹੈ। ਉਨ੍ਹਾਂ ਨੇ ਕਿਹਾ ਕਿ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਵੱਡੀ ਗਿਣਤੀ ਵਿੱਚ ਪਹੁੰਚ ਕੇ ਗੁਰਬਾਣੀ ਦਾ ਲਾਹਾ ਲੈਣ।

ਆਵਾਜ਼ਿ ਕੌਮ AWAZE QAUM International Newspaper & WEB TV

**ਸਮਾਗਮ ਦੀਆਂ ਤਰੀਖਾਂ ਤੇ ਵਿਸ਼ੇਸ਼ ਪ੍ਰੋਗਰਾਮ:**

**ਤਾਰੀਖ਼: 1 ਨਵੰਬਰ 2025**

**ਸਥਾਨ: ਗੁਰਦੁਆਰਾ ਸਹੀਦਾਂ ਜੱਸੋਵਾਲ (ਬੱਬਰਾਂ ਦਾ ਹਾਈ ਕੋਰਟ)**

**ਆਯੋਜਕ: ਸੰਤ ਚਰਨਜੀਤ ਸਿੰਘ ਜੱਸੋਵਾਲ, ਦਮਦਮੀ ਟਕਸਾਲ / ਇੰਟਰਨੈਸ਼ਨਲ ਪੰਥਕ ਦਲ)**

* ਜਾਰੀ ਕਰਤਾ *

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

**(ਦਮਦਮੀ ਟਕਸਾਲ ਮੈਂਬਰ, ਸ਼੍ਰੋਮਣੀ ਕਮੇਟੀ, ਅੰਤਰਰਾਸ਼ਟਰੀ ਮੁੱਖ ਬੁਲਾਰੇ, ਇੰਟਰਨੈਸ਼ਨਲ ਪੰਥਕ ਦਲ)**


ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ,
ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ,
ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ
29ਵਾਂ
ਸਲਾਨਾ ਗੁਰਮਤਿ ਸਮਾਗਮ
ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ
20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ
ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ
ਨੂੰ ਸ੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।
ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।
1 ਨਵੰਬਰ 2025 ਦਿਨ ਸ਼ਨੀਵਾਰ ਨੂੰ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ
ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ।
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ
ਮੋ: 98141-27470, 73408-35137
ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404
ਆਵਾਜ਼ਿ ਕੌਮ
AWAZE QAUM
International Newspaper & WEB TV

ਭਾਰਤੀ ਰਾਜਦੂਤ ਦਿਨੇਸ਼ ਪਟਨਾਇਕ ਦੀ ਹੋਵੇਗੀ ਕੈਨੇਡਾ ਵਿਚ ਨਾਗਰਿਕ ਗ੍ਰਿਫ਼ਤਾਰੀ: ਐਸਐਫਜੇ

# 31 ਅਕਤੂਬਰ ਨੂੰ ਹੋਵੇਗੀ ਕੈਨੇਡਾ ਦੇ ਸਮੂਹ ਭਾਰਤੀ ਦੂਤਾਵਾਸਾਂ ਦੀ ਘੇਰਾਬੰਦੀ




**ਨਵੀਂ ਦਿੱਲੀ 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:-ਵੱਖਵਾਦੀ ਸਮੂਹ ਸਿੱਖਸ ਫਾਰ ਜਸਟਿਸ ਨੇ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦੀ ਨਾਗਰਿਕ ਗ੍ਰਿਫ਼ਤਾਰੀ ਲਈ ਜਨਤਕ ਸੱਦਾ ਜਾਰੀ ਕੀਤਾ ਹੈ - ਜਿਸ ਵਿੱਚ ਉਨ੍ਹਾਂ ਉਪਰ ਖਾਲਿਸਤਾਨ ਰੈਫਰੈਂਡਮ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਜਾਸੂਸੀ, ਨਿਗਰਾਨੀ ਅਤੇ ਕਤਲ ਦੀਆਂ ਸਾਜ਼ਿਸ਼ਾਂ ਵਿੱਚ ਦੋਸ਼ੀ ਹੋਣ ਦਾ ਹਵਾਲਾ ਦਿੱਤਾ ਗਿਆ ਹੈ।

ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਨੇ ਦਸਿਆ ਕਿ ਪਟਨਾਇਕ ਦੀ ਇਸ ਨਾਗਰਿਕ ਗ੍ਰਿਫਤਾਰੀ ਲਈ ਕੈਨੇਡਾ ਦੇ ਕ੍ਰਿਮੀਨਲ ਕੋਡ ਦੀ ਧਾਰਾ 494 (1) ਅਤੇ (2) ਦੇ ਤਹਿਤ, ਨਾਗਰਿਕਾਂ ਨੂੰ ਕਿਸੇ ਵੀ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦਾ ਅਧਿਕਾਰ ਹੈ ਜੋ ਕਿਸੇ ਵੀ ਦੋਸ਼ੀ ਅਪਰਾਧ ਨੂੰ ਕਰਦਾ ਹੈ ਜਾਂ ਕੋਸ਼ਿਸ਼ ਕਰ ਰਿਹਾ ਹੈ, ਜਿਸ ਵਿੱਚ ਸਾਜ਼ਿਸ਼ (ਐਸ.465), ਜਾਸੂਸੀ (ਐਸ.16, ਸੂਚਨਾ ਸੁਰੱਖਿਆ ਐਕਟ), ਕਤਲ ਦੀਆਂ ਸਾਜ਼ਿਸ਼ਾਂ ਵਿੱਚ ਸਲਾਹ ਜਾਂ ਭਾਗੀਦਾਰੀ (ਐਸ.464-465, ਕ੍ਰਿਮੀਨਲ ਕੋਡ) ਸ਼ਾਮਲ ਹਨ। ਪਨੂੰ ਨੇ ਦੋਸ਼ ਲਗਾਦਿਆਂ ਕਿਹਾ ਕਿ ਦਿਨੇਸ਼ ਪਟਨਾਇਕ ਆਪਣੇ ਪੂਰਵਗਾਮੀ ਸੰਜੇ ਕੁਮਾਰ ਵਰਮਾ ਦੇ ਰਸਤੇ 'ਤੇ ਚੱਲ ਰਿਹਾ ਹੈ - ਜਿਸਨੇ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਨਿਰਦੇਸ਼ਨ ਕੀਤਾ ਸੀ - ਅਤੇ ਹੁਣ ਖਾਲਿਸਤਾਨ ਰੈਫਰੈਂਡਮ ਦੇ ਪ੍ਰਬੰਧਕ ਇੰਦਰਜੀਤ ਸਿੰਘ ਗੋਸਲ ਵਿਰੁਧ ਕਤਲ ਦੀਆਂ ਸਾਜ਼ਿਸ਼ਾਂ ਦੀ ਯੋਜਨਾ ਬਣਾ ਰਿਹਾ ਹੈ।ਐਸਐਫਜੇ ਨੇ ਭਾਰਤੀ ਕੌਂਸਲੇਟ ਦੁਆਰਾ ਚਲਾਏ ਜਾ ਰਹੇ "ਲਾਈਫ ਸਰਟੀਫਿਕੇਟ ਕੈਂਪਾਂ" ਦਾ ਮੁਕਾਬਲਾ ਕਰਨ ਲਈ "ਲਿਬਰੇਸ਼ਨ ਡੇ ਖਾਲਿਸਤਾਨ" ਰੈਲੀਆਂ ਦਾ ਐਲਾਨ ਕੀਤਾ ਹੈ ਜੋ ਕਿ ਕੈਨੇਡਾ ਭਰ ਵਿੱਚ ਸਿੱਖ ਕਾਰਕੁਨਾਂ ਅਤੇ ਖਾਲਿਸਤਾਨ ਰੈਫਰੈਂਡਮ ਪ੍ਰਚਾਰਕਾਂ ਨੂੰ ਨਿਸ਼ਾਨਾ ਬਣਾਉਣ ਲਈ ਨਿਗਰਾਨੀ, ਜਾਸੂਸੀ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਨ ਦੇ ਕਾਰਜਾਂ ਲਈ ਇੰਡੋ-ਕੈਨੇਡੀਅਨ ਹਿੰਦੂਆਂ ਵਿੱਚ ਪੈਦਲ ਸੈਨਿਕਾਂ ਦੀ ਭਰਤੀ ਲਈ ਵਰਤੇ ਜਾ ਰਹੇ ਹਨ।ਉਨ੍ਹਾਂ ਗੁਰੂਘਰਾਂ ਅਤੇ ਮੰਦਿਰਾਂ ਦੇ ਪ੍ਰਬੰਧਕਾਂ ਨੂੰ ਚੇਤਾਵਨੀ ਦੇਂਦਿਆਂ ਕਿਹਾ ਕਿ ਤੁਸੀਂ ਆਪਣੇ ਧਾਰਮਿਕ ਅਹਾਤੇ ਦੇ ਅੰਦਰ "ਲਾਈਫ ਸਰਟੀਫਿਕੇਟ ਕੈਂਪਾਂ" ਜਾਂ ਕਿਸੇ ਵੀ ਭਾਰਤੀ ਕੌਂਸਲੇਟ ਗਤੀਵਿਧੀ ਦੀ ਆਗਿਆ ਦੇ ਕੇ ਤੁਸੀਂ ਮੋਦੀ ਦੇ ਹਿੰਸਕ ਹਿੰਦੂਤਵ ਸ਼ਾਸਨ, ਇੱਕ ਵਿਦੇਸ਼ੀ ਦੁਸ਼ਮਣ, ਦਾ ਸਮਰਥਨ ਕਰ ਰਹੇ ਹੋ, ਅਤੇ ਕੈਨੇਡਾ ਦੇ ਅਪਰਾਧਿਕ ਸੰਹਿਤਾ ਦੀ ਧਾਰਾ 46 ਦੇ ਤਹਿਤ ਦੇਸ਼ਧ੍ਰੋਹ ਕਰ ਰਹੇ ਹੋ।ਉਨ੍ਹਾਂ ਭਾਰਤੀ-ਕੈਨੇਡੀਅਨ ਹਿੰਦੂਆਂ ਨੂੰ ਇਸ ਮਾਮਲੇ ਵਿਚ ਆਪਣਾ ਪੱਖ ਚੁਣਨ ਲਈ ਕਿਹਾ ਹੈ ਕਿ ਤੁਸੀਂ ਕੈਨੇਡਾ ਜਾਂ ਮੋਦੀ ਦਾ ਭਾਰਤ ਦੋਨਾਂ ਵਿੱਚੋਂ ਇਕ ਦੀ ਚੋਣ ਕਰੋ ।ਉਨ੍ਹਾਂ ਕਿਹਾ ਜਦੋਂ ਮੁੱਦਾ ਕਤਲ ਦੀਆਂ ਸਾਜ਼ਿਸ਼ਾਂ, ਜਾਸੂਸੀ ਅਤੇ ਰਾਸ਼ਟਰੀ ਸੁਰੱਖਿਆ ਦਾ ਹੋਵੇ, ਤਾਂ ਤੁਹਾਨੂੰ ਕੈਨੇਡਾ ਦਾ ਪੱਖ ਲੈਣਾ ਚਾਹੀਦਾ ਹੈ - ਜਾਂ ਮੋਦੀ ਦੇ ਭਾਰਤ ਵਿੱਚ ਵਾਪਸ ਜਾਣਾ ਚਾਹੀਦਾ ਹੈ।ਅੰਤ ਵਿਚ ਉਨ੍ਹਾਂ ਦਸਿਆ ਕਿ 31 ਅਕਤੂਬਰ ਨੂੰ, ਖਾਲਿਸਤਾਨ ਪੱਖੀ ਸਿੱਖ ਟੋਰਾਂਟੋ, ਓਟਾਵਾ ਅਤੇ ਵੈਨਕੂਵਰ ਵਿੱਚ ਭਾਰਤੀ ਦੂਤਾਵਾਸ ਘਰਾਂ ਦੀ ਘੇਰਾਬੰਦੀ ਕਰਨਗੇ ਤਾਂ ਜੋ ਇਹ ਖੁਲਾਸਾ ਕੀਤਾ ਜਾ ਸਕੇ ਕਿ ਕਿਵੇਂ ਭਾਰਤ ਦੀ ਰਾਅ ਵੱਲੋਂ ਕੈਨੇਡੀਅਨ ਧਰਤੀ 'ਤੇ ਖਾਲਿਸਤਾਨ ਪੱਖੀ ਸਿੱਖਾਂ ਵਿਰੁੱਧ ਨਿਗਰਾਨੀ, ਜਾਸੂਸੀ ਅਤੇ ਕਤਲ ਦੀਆਂ ਸਾਜ਼ਿਸ਼ਾਂ ਲਈ ਭਾਰਤੀ ਕੌਂਸਲੇਟਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਦਸਤਾਰ-ਏ-ਖ਼ਾਲਸਾ ਖ਼ਿਤਾਬ ਇਨਾਮ 31000 ਰੁਪਏ

# 2 ਨਵੰਬਰ ਨੂੰ ਝੰਡਾ ਗਰਾਊਂਡ ਰਾਜਪੁਰਾ ਵਿਖੇ

**ਤਲਵੰਡੀ ਸਾਬੋ, 23 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਸ਼ਹੀਦ ਭਾਈ ਤਾਰੂ ਸਿੰਘ ਦਸਤਾਰ ਸਿਖਲਾਈ ਸੇਵਾ ਸੁਸਾਇਟੀ ਵੱਲੋਂ ਮੀਟਿੰਗ ਦਾ ਸੱਦਾ ਦਿੱਤਾ ਗਿਆ ਜਿਸ ਵਿੱਚ ਦੱਸਿਆ ਗਿਆ ਕਿ ਦਸਤਾਰ-ਏ-ਖਾਲਸਾ ਰਾਜਪੁਰਾ ਕੈਲੇਫੋਰਨੀਆ ਵੱਲੋਂ ਕਰਵਾਏ ਜਾ ਰਹੇ ਹਨ ਬਹੁਤ ਵੱਡੀ ਪੱਧਰ 'ਤੇ ਦਸਤਾਰ ਦੁਮਾਲਾ ਮੁਕਾਬਲੇ ਇਹ ਮੁਕਾਬਲੇ ਸ਼੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੀ 350 ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾ ਰਹੇ ਹਨ। ਇਸ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਨਗਦ ਰਾਸ਼ੀ ਦੇ ਇਨਾਮ ਦਿੱਤੇ ਜਾਣਗੇ। ਜਿਵੇ ਕਿ ਸੀਨੀਅਰ ਗਰੁੱਪ ਵਿੱਚ ਪਹਿਲਾ 11000, ਦੂਜਾ 7100, ਤੀਜਾ 5100 ਇਸੇ ਤਰਾਂ ਹੀ ਜੂਨੀਅਰ ਗਰੁੱਪ ਅਤੇ ਦੁਮਾਲੇ ਲੜਕੇ ਅਤੇ ਲੜਕੀਆਂ ਦੇ ਪਹਿਲਾ 11000, ਦੂਜਾ 7100, ਤੀਜਾ 5100 ਲੜਕਿਆਂ ਨੂੰ ਅਲੱਗ ਅਤੇ ਲੜਕੀਆਂ ਨੂੰ ਅਲੱਗ ਇਨਾਮ ਦਿੱਤੇ ਜਾਣਗੇ। ਇਹ ਜਾਣਕਾਰੀ ਲਖਵਿੰਦਰ ਸਿੰਘ ਲ਼ੱਖੇ ਵੱਲੋਂ ਸਾਂਝੀ ਕੀਤੀ ਗਈ। ਭਾਈ ਸਿਮਰਨਜੋਤ ਸਿੰਘ ਖ਼ਾਲਸਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਦਸਤਾਰ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਆਉਣ ਵਾਲੀ ਪਨੀਰੀ ਨੂੰ ਅਤੇ ਨੌਜਵਾਨੀ ਨੂੰ ਸਿੱਖੀ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਂਦੇ ਹਨ ਤਾਂ ਕਿ ਨਸ਼ੇ ਅਤੇ ਪਤਿਤਪੁਣੇ ਨੂੰ ਠੱਲ ਪਾ ਕੇ ਸਿਰਾਂ 'ਤੇ ਸੋਹਣੀਆਂ ਦਸਤਾਰਾਂ ਸਜਾਉਣ, ਅੰਮ੍ਰਿਤਪਾਨ ਕਰਕੇ ਗੁਰੂ ਕੇ ਸਿੰਘ ਸਜੀਏ ਅਤੇ ਸਿੱਖੀ ਦਾ ਪ੍ਰਚਾਰ ਕਰੀਏ। ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਅਤੇ ਹੋਰ ਕਈ ਮਹਾਂਪੁਰਸ਼ ਅਤੇ ਪੰਥਕ ਸ਼ਖ਼ਸੀਅਤਾਂ ਪਹੁੰਚ ਰਹੀਆਂ ਹਨ। ਸਰਦਾਰ-ਏ-ਪਟਿਆਲਾ ਸ਼ਾਹੀ ਦਸਤਾਰ ਨਾਲ ਸਨਮਾਨਿਤ ਗੁਰਿੰਦਰ ਸਿੰਘ ਕਿੰਗ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਦੇ ਨਾਮੀ ਅਤੇ ਲੋਕ ਗਾਇਕ ਬੀਰ ਸਿੰਘ ਅਤੇ ਪੰਮਾ ਡੁੱਮੇਵਾਲ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਹ ਦਸਤਾਰ, ਦੁਮਾਲੇ ਮੁਕਾਬਲਿਆਂ ਵਿੱਚ ਪੰਜਾਬ ਤੋਂ ਅਤੇ ਹੋਰ ਕਈ ਸਟੇਟਾਂ ਤੋਂ ਨਾਮੀ ਦਸਤਾਰ ਕੋਚ ਅਤੇ ਸੰਸਥਾਵਾਂ ਦੇ ਆਗੂ ਜੋ ਦਸਤਾਰ ਦੀ ਚੜਦੀਕਲਾ ਲਈ ਦਸਤਾਰ ਕੈਂਪ ਅਤੇ ਲੰਗਰ ਦਸਤਾਰਾਂ ਦੇ ਲਗਵਾ ਰਹੇ ਹਨ ਸਾਰਿਆਂ ਵੀਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਅਮਨਦੀਪ ਸਿੰਘ ਬਾਜਾਖਾਨਾ ਵੱਲੋਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੱਚੇ ਅਤੇ ਨੌਜਵਾਨ ਇਸ ਮੁਕਾਬਲਿਆਂ ਦਾ ਹਿੱਸਾ ਬਣਨ ਤਾਂ ਕਿ ਅੱਗੇ ਤੋਂ ਇਸਤੋਂ ਵੀ ਵਧੀਆ ਉਪਰਾਲੇ ਕੀਤੇ ਜਾ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਰਿਆਂ ਪਰਮਿੰਦਰ ਸਿੰਘ, ਮਨਜੀਤ ਸਿੰਘ, ਗੁਰਸੇਵਕ ਸਿੰਘ, ਗੁਰਦਿੱਤ ਸਿੰਘ, ਅਮਨਦੀਪ ਸਿੰਘ, ਗੁਲਾਬ ਸਿੰਘ, ਵਰਿੰਦਰ ਸਿੰਘ, ਰਾਜਵਿੰਦਰ ਸਿੰਘ ਰਾਣਾ, ਨਿਰਮਲ ਸਿੰਘ ਅਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।



# ਗੁਰਸਿੱਖ ਪਰਿਵਾਰ ਦੇ ਕੰਕਾਰਾਂ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਡਟੀ ਫੈਡਰੇਸ਼ਨ ਮਹਿਤਾ, ਪ੍ਰਸ਼ਾਸਨ ਨੂੰ ਦਿੱਤਾ ਚਾਰ ਦਿਨ ਦਾ ਸਮਾਂ



**ਫ਼ਿਰੋਜ਼ਪੁਰ, 23 ਅਕਤੂਬਰ (ਮਨੋਹਰ ਲਾਲ)** :— ਸਥਾਨਕ ਸ਼ਹਿਰ ਦੇ ਦੂਲਚੀ ਕੇ ਰੋਡ ਤੇ ਰਹਿੰਦੇ ਇਕ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੇ ਉਸ ਮੁਹੱਲੇ ਦੇ ਹੀ ਕੋਈ ਦੋ ਦਰਜਨ ਹੁਲੜਬਾਜਾਂ ਵੱਲੋਂ ਘਰ ਤੇ ਹਮਲਾ ਕਰਕੇ ਕਿਰਪਾਨਾਂ, ਕਿਰਚਾਂ ਅਤੇ ਸੋਟਿਆਂ ਨਾਲ ਪਰਿਵਾਰ ਦੀ ਜਿਥੇ ਕੁੱਟਮਾਰ ਕੀਤੀ ਉਥੇ ਉਨ੍ਹਾਂ ਦੀਆਂ ਦਸਤਾਰਾਂ ਤੇ ਕੰਕਾਰਾਂ ਦੀ ਵੀ ਭੰਨਤੋੜ ਕਰਕੇ ਸ਼ਰੇਆਮ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਸਾਹਮਣੇ ਆਉਣ ਤੇ ਵੀ ਜਦ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਪਰਿਵਾਰ ਨੇ ਇਹ ਸਾਰਾ ਮਾਮਲਾ ਧਾਰਮਿਕ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਨੋਟਿਸ ਵਿਚ ਲਿਆਂਦਾ, ਜਿਸ ਤੇ ਫੈਡਰੇਸ਼ਨ ਮਹਿਤਾ ਦੀ ਟੀਮ ਤੁਰੰਤ ਘਟਨਾ ਵਾਲੀ ਥਾਂ ਤੇ ਪਹੁੰਚੀ ਅਤੇ ਪਰਿਵਾਰ ਨਾਲ ਸੰਪਰਕ ਕਰਕੇ ਸਾਰੀ ਸਥਿਤੀ ਦਾ ਜਾਇਜਾ ਲਿਆ। ਘਰ ਵਿਚ ਔਰਤ ਅਤੇ ਬੱਚੇ ਦੀ ਮੌਜੂਦ ਹੋਣ ਕਰਕੇ ਹਮਲਾਵਰਾਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਜੰਮ ਕੇ ਗੁੰਡਗਰਦੀ ਦਾ ਨੰਗਾ ਨਾਚ ਕੀਤਾ। ਫੈਡਰੇਸ਼ਨ ਆਗੂਆਂ ਨੇ ਆਸ—ਪਾਸ ਦੇ ਲੋਕਾਂ ਕੋਲੋਂ ਸਾਰੀ ਸਥਿਤੀ ਦੀ ਜਾਣਕਾਰੀ ਹਾਸਲ ਕਰਕੇ ਪਰਿਵਾਰ ਨੂੰ ਵਿਸਵਾਸ਼ ਦੁਆਇਆ ਕਿ ਉਨ੍ਹਾਂ ਨੂੰ ਪੂਰਾ ਇਨਸਾਫ ਦੁਆਇਆ ਜਾਵੇਗਾ ਅਤੇ ਇਸ ਕੰਮ ਲਈ ਉਨ੍ਹਾਂ ਨੇ ਪੁਲਿਸ ਪ੍ਰਸ਼ਾਸਨ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ। ਫੈਡਰੇਸ਼ਨ ਮਹਿਤਾ ਦੇ ਕੌਮੀ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਨੇ ਪੁਲਿਸ ਪ੍ਰਸ਼ਾਸਨ ਨੂੰ ਚਾਰ ਦਿਨ ਦਾ ਸਮਾਂ ਦਿੱਤਾ ਅਤੇ ਕਿਹਾ ਕਿ ਜੇ ਪੁਲਿਸ ਨੇ ਕੇਸ ਦਰਜ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਕੀਤੀ ਤਾਂ ਉਹ ਥਾਣੇ ਅੱਗੇ ਧਰਨਾ ਲਾਉਣ ਲਈ ਮਜ਼ਬੂਰ ਹੋਣਗੇ। ਫੈਡਰੇਸ਼ਨ ਦੀ ਇਸ ਟੀਮ ਵਿਚ ਭਾਈ ਜ਼ਸਪਾਲ ਸਿੰਘ, ਮਨਜੀਤ ਸਿੰਘ ਔਲਖ, ਜਰਨੈਲ ਸਿੰਘ ਗਾਬੜੀਆ, ਡਾ: ਗੁਰਮੀਤ ਸਿੰਘ, ਕੁਲਦੀਪ ਸਿੰਘ ਨੰਢਾ, ਗੁਰਮੇਲ ਸਿੰਘ ਭੇਡੀਆ, ਰਣਜੀਤ ਸਿੰਘ ਬਬਲੂ, ਹਰਜਿੰਦਰ ਸਿੰਘ ਬੱਗਾ, ਜ਼ਸਬੀਰ ਸਿੰਘ ਜੱਸ, ਸੁਰਿੰਦਰ ਸਿੰਘ, ਗੁਰਚਰਨ ਸਿੰਘ, ਜਗਦੇਵ ਸਿੰਘ ਲਾਡਾ, ਮਲਕੀਤ ਸਿੰਘ, ਕੁਲਦੀਪ ਸਿੰਘ ਲੋਕੋ, ਬਲਕਾਰ ਸਿੰਘ ਸਮੇਤ ਹੋਰ ਵੀ ਕਈ ਆਗੂ ਹਾਜ਼ਰ ਸਨ।

# ਤਜ਼ਾਕਿਸਤਾਨ ਵਿੱਚ ਫਸੇ ਸੱਤ ਪੰਜਾਬੀ ਨੌਜਵਾਨ ਹਫਤੇ ਦੇ ਅੰਤ ਵਿੱਚ ਸੁਰੱਖਿਅਤ ਘਰ ਪਰਤਣਗੇ: ਸਾਹਨੀ

ਨਵੀਂ ਦਿੱਲੀ 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ (ਰਾਜ ਸਭਾ) ਨੇ ਪੁਸ਼ਟੀ ਕੀਤੀ ਹੈ ਕਿ ਤਜ਼ਾਕਿਸਤਾਨ ਵਿਚ ਦੁਸ਼ਾਂਬੇ ਨੇੜੇ ਫਸੇ ਸੱਤ ਪੰਜਾਬੀ ਨੌਜਵਾਨਾਂ ਨੂੰ ਸੋਮਵਾਰ ਨੂੰ ਸੁਰੱਖਿਅਤ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਇਨ੍ਹਾਂ ਨੌਜਵਾਨਾਂ ਨੇ 19 ਅਕਤੂਬਰ ਨੂੰ ਇੱਕ ਵੀਡੀਓ ਜਾਰੀ ਕਰਕੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੂੰ ਭਾਰਤ ਵਿੱਚ ਇੱਕ ਧੋਖੇਬਾਜ਼ ਏਜੰਟ ਨੇ ਗੁੰਮਰਾਹ ਕੀਤਾ ਹੈ ਅਤੇ ਰੋਗਨ ਸ਼ਹਿਰ ਵਿੱਚ ਉਨ੍ਹਾਂ ਦੇ ਮਾਲਕਾਂ ਦੁਆਰਾ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ।ਡਾ. ਸਾਹਨੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਹਰੇਕ ਭਾਰਤੀ ਦੀ ਸੁਰੱਖਿਆ ਅਤੇ ਸਨਮਾਨ ਸਾਡੇ ਲਈ ਸੱਭ ਤੋਂ ਅਹਿਮ ਹੈ। ਉਨ੍ਹਾਂ ਨੇ ਤੁਰੰਤ ਇਹ ਮਾਮਲਾ ਤਜ਼ਾਕਿਸਤਾਨ ਵਿੱਚ ਭਾਰਤੀ ਦੂਤਾਵਾਸ ਕੋਲ ਉਠਾਇਆ ਅਤੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਪੂਰਾ ਤਾਲ ਮੇਲ ਬਿਠਾਇਆ। ਡਾ. ਸਾਹਨੀ ਦੇ ਦਫ਼ਤਰ ਨੇ ਫਸੇ ਨੌਜਵਾਨਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਿਆ ਅਤੇ ਉਨ੍ਹਾਂ ਦੇ ਗੂਗਲ ਸਥਾਨ ਅਤੇ ਪਾਸਪੋਰਟ ਦੀਆਂ ਕਾਪੀਆਂ ਤਜ਼ਾਕਿਸਤਾਨ ਵਿੱਚ ਭਾਰਤੀ ਦੂਤਾਵਾਸ ਨਾਲ ਸਾਂਝੀਆਂ ਕੀਤੀਆਂ। ਡਾ. ਸਾਹਨੀ ਨੇ ਤਜ਼ਾਕਿਸਤਾਨ ਵਿੱਚ ਭਾਰਤੀ ਰਾਜਦੂਤ ਨੂੰ ਵੀ ਪੱਤਰ ਲਿਖ ਕੇ ਤੁਰੰਤ ਦਖਲ ਦੇਣ ਦੀ ਬੇਨਤੀ ਕੀਤੀ ਅਤੇ ਉਨ੍ਹਾਂ ਦੀ ਜਲਦੀ ਵਾਪਸੀ ਲਈ ਉਨ੍ਹਾਂ ਦੀਆਂ ਹਵਾਈ ਟਿਕਟਾਂ ਦੀ ਕੀਮਤ ਨਿੱਜੀ ਤੌਰ 'ਤੇ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਡਾ. ਸਾਹਨੀ ਨੇ ਭਾਰਤੀ ਦੂਤਾਵਾਸ ਦਾ ਤੁਰੰਤ ਅਤੇ ਸਾਕਾਰਤਮਕ ਜਵਾਬ ਦੇਣ ਲਈ ਧੰਨਵਾਦ ਕੀਤਾ। ਇਹ ਸਮੇਂ ਸਿਰ ਦਿੱਤਾ ਗਿਆ ਦਖਲ ਵਿਦੇਸ਼ਾਂ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਡਾ. ਸਾਹਨੀ ਨੇ ਬੇਈਮਾਨ ਟ੍ਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਦੀ ਜ਼ਰੂਰਤ ਨੂੰ ਦੁਹਰਾਇਆ ਜੋ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਦੇ ਝੂਠੇ ਵਾਅਦੇ ਕਰਕੇ ਲੁਭਾਉਂਦੇ ਹਨ। ਆਪਣੀ ਮਾਨਵਤਾਵਾਦੀ ਪਹਿਲਕਦਮੀ, ਮਿਸ਼ਨ ਹੋਪ ਦੇ ਤਹਿਤ, ਡਾ. ਸਾਹਨੀ ਨੇ ਓਮਾਨ, ਲੀਬੀਆ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਦੇਸ਼ਾਂ ਤੋਂ 150 ਤੋਂ ਵੱਧ ਪੰਜਾਬੀਆਂ ਦੀ ਵਾਪਸੀ ਨੂੰ ਸਫਲਤਾਪੂਰਵਕ ਸੁਚਾਰੂ ਬਣਾਇਆ ਹੈ।

# ਤਰਨਤਾਰਨ ਦੇ ਲੋਕ ਮਾਨ ਸਰਕਾਰ ਦੇ ਕੰਮਾਂ 'ਤੇ ਮੋਹਰ ਲਾ ਕੇ ਹਰਮੀਤ ਸੰਧੂ ਨੂੰ ਵੱਡੇ ਮਾਰਜਨ ਨਾਲ ਜਿਤਾਉਣਗੇ: ਚੇਅਰਮੈਨ ਘੁੱਲੀ



ਧੂਰੀ ( ਰਣਜੀਤ ਸਿੰਘ ਪੇਧਨੀ )-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਫ਼ਤਰ ਕੈਂਪਸ ਇੰਚਾਰਜ ਸ. ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮਾਨ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਤਰਨ ਤਾਰਨ ਦੇ ਲੋਕ ਹਰਮੀਤ ਸਿੰਘ ਸੰਧੂ ਨੂੰ ਵੱਡੇ ਮਾਰਜਨ ਨਾਲ ਜਿੱਤ ਆ ਕੇ ਇਤਿਹਾਸ ਰਚਣਗੇ ਅਤੇ ਮਾਨ ਸਰਕਾਰ ਦੇ ਕੰਮਾਂ 'ਤੇ ਮੋਹਰ ਲਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਅਜਿਹੀ ਪਹਿਲੀ ਸਰਕਾਰ ਹੈ ਜਿਨ੍ਹਾਂ ਨੇ ਕਿਸਾਨਾਂ, ਮਜਦੂਰਾਂ, ਆੜਤੀਆਂ, ਵਪਾਰੀਆਂ, ਮੁਲਾਜਮਾ ਅਤੇ ਦਲਿਤ ਭਾਈਚਾਰੇ ਦੇ ਲਈ ਸਕੀਮ ਚਲਾ ਕੇ ਪੰਜਾਬੀਆਂ ਦੇ ਹੱਕ ਵਿੱਚ ਫੈਸਲੇ ਲਏ ਹਨ । ਇਸ ਮੌਕੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ , ਸਾਬਕਾ ਚੇਅਰਮੈਨ ਕਰਨੈਲ ਸਿੰਘ ਠੂਲੀਵਾਲ ,ਐਮਸੀ ਅਸ਼ਵਨੀ ਧੀਰ, ਭਿੰਦਾ ਵਿਰਕ, ਮਾਣਾ ਗਰੇਵਾਲ , ਜਸਵਿੰਦਰ ਸਿੰਘ ਖੁਰਮੀ, ਬਿੱਟੂ ਪੰਚ ਪੇਧਨੀ, ਗਗਨਦੀਪ ਸਿੰਘ ਪੰਚ, ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਗੁਰਦੀਪ ਸਿੰਘ ਕਲੇਰ ਪੰਚ, ਕੁਲਦੀਪ ਸਿੰਘ ਕਲੇਰ ਪੰਚ ਸੁਰਜੀਤ ਸਿੰਘ ਪੰਚ, ਬੱਬੂ ਧੂਰੀ, ਹਰਦੀਪ ਸਿੰਘ, ਸੰਭੂ ਧੂਰੀ ਅਰਸ ਧੂਰੀ, ਨਵਜੋਤ ਕੌਰ ਹਾਜ਼ਰ ਸਨ।

### ਭਾਜਪਾ ਸ਼ਾਸਤ ਰਾਜਾਂ ਨੇ ਦਿਲ ਖੋਲ੍ਹ ਕੇ

# ਪੰਜਾਬ ਦੇ ਹੜ੍ਹ ਪੀੜ੍ਹਤਾਂ ਦੀ ਮਦਦ ਕੀਤੀ : ਹਰਦੀਪ ਗਿੱਲ



**ਜੰਡਿਆਲਾ ਗੁਰੂ , 23 ਅਕਤੂਬਰ (ਕੁਲਵੰਤ ਸਿੰਘ ਵਿਰਦੀ )**-ਕੇਂਦਰ ਦੀ ਭਾਜਪਾ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ ਸਾਲਾਂ ਦੌਰਾਨ ਦੇਸ਼ ਦਾ ਸਰਵਪੱਖੀ ਵਿਕਾਸ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ ਜਿਸ ਪਿੱਛੋਂ ਪੰਜਾਬ ਦੇ ਵਿਕਾਸ ਨੂੰ ਗਤੀ ਪ੍ਰਦਾਨ ਕੀਤੀ ਜਾਵੇਗੀ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਦੀਪ ਸਿੰਘ ਗਿੱਲ ਇੰਚਾਰਜ ਹਲਕਾ ਜੰਡਿਆਲਾ ਗੁਰੂ ਵੱਲੋਂ ਪਿੰਡ ਧਾਰੜ ਵਿਖੇ ਕੀਤੀ ਗਈ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਪੱਖੀ ਨੀਤੀਆਂ ਤੋਂ ਪਿੰਡ ਵਾਸੀਆਂ ਨੂੰ ਜਾਣੂ ਕਰਵਾਇਆ। ਹਰਦੀਪ ਗਿੱਲ ਨੇ ਅੱਗੇ ਕਿਹਾ ਕਿ ਜਿਸ-ਜਿਸ ਸੂਬੇ ਵਿੱਚ ਭਾਜਪਾ ਦੀ ਸਰਕਾਰ ਹੈ ਉੱਥੇ-ਉੱਥੇ ਤੇਜ਼ ਗਤੀ ਨਾਲ ਵਿਕਾਸ ਹੋ ਰਿਹਾ ਹੈ ਤੇ ਇਸਦੀ ਵੱਡੀ ਮਿਸਾਲ ਸਾਡਾ ਗੁਆਂਢੀ ਸੂਬਾ ਹਰਿਆਣਾ ਹੈ ਜਿੱਥੇ ਕੇਂਦਰ ਤੇ ਸੂਬੇ ਦੀ ਭਾਜਪਾ ਸਰਕਾਰ ਵੱਲੋਂ ਜਿੱਥੇ ਲੋਕ ਪੱਖੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ ਉੱਥੇ ਹੀ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਔਰਤਾਂ ਲਈ ਵੱਖ-ਵੱਖ ਸਕੀਮਾ ਲਾਗੂ ਕਰਕੇ ਲਾਭ ਦਿੱਤਾ ਜਾ ਰਿਹਾ ਹੈ। ਪ੍ਰਧਾਨ ਹਰਦੀਪ ਗਿੱਲ ਨੇ ਕਿਹਾ ਕਿ ਪੰਜਾਬ ਦਾ ਵਿਕਾਸ ਵੀ ਤਦ ਹੀ ਸੰਭਵ ਹੋਣਾ ਹੈ ਜਦੋਂ ਸੂਬੇ ਦੇ ਲੋਕਾਂ ਵੱਲੋਂ ਇੱਥੇ ਭਾਜਪਾ ਦੀ ਸਰਕਾਰ ਬਣਾਈ ਜਾਵੇਗੀ ਕਿਉਂਕਿ ਜਿੱਥੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਇਸੇ ਤਰ੍ਹਾਂ ਕਾਂਗਰਸ ਕੋਲ ਪੰਜਾਬ ਦੇ ਵਿਕਾਸ ਦਾ ਕੋਈ ਵਿਜ਼ਨ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਪੰਜਾਬ ਦੀ ਮਦਦ ਲਈ ਹੱਥ ਅੱਗੇ ਵਧਾਇਆ ਜਾਂਦਾ ਰਿਹਾ ਹੈ ਯੂਪੀ, ਹਰਿਆਣਾ, ਗੋਆ, ਦਿੱਲੀ ਦੀਆਂ ਭਾਜਪਾ ਸਰਕਾਰਾਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਦਿਲ ਖੋਲ ਕੇ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਲੇਕਿਨ ਸੂਬੇ ਦੀ ਆਪ ਸਰਕਾਰ ਇਸ ਨੁਕਸਾਨ ਪ੍ਰਤੀ ਠੀਕ ਰਿਪੋਰਟ ਕੇਂਦਰ ਸਰਕਾਰ ਨੂੰ ਭੇਜਣ ਵਿੱਚ ਨਾਕਾਮ ਰਹੀ ਲੇਕਿਨ ਇਸਦੇ ਬਾਵਜੂਦ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਗਾਤਾਰ ਪੰਜਾਬ ਦੇ ਲੋਕਾਂ ਤੱਕ ਮਦਦ ਪਹੁੰਚਾਈ ਜਾ ਰਹੀ ਹੈ। ਹਰਦੀਪ ਗਿੱਲ ਨੇ ਕਿਹਾ ਕਿ ਪੰਜਾਬ ਦੇ ਲੋਕ ਇਹ ਗੱਲ ਸਮਝ ਚੁੱਕੇ ਹਨ ਕਿ ਭਾਜਪਾ ਤੋਂ ਇਲਾਵਾ ਹੋਰ ਕੋਈ ਵੀ ਸਿਆਸੀ ਪਾਰਟੀ ਪੰਜਾਬ ਦਾ ਭਲਾ ਨਹੀਂ ਕਰ ਸਕਦੀ। ਇਸ ਮੌਕੇ 'ਤੇ ਸਰਕਲ ਪ੍ਰਧਾਨ ਸੁਖਵਿੰਦਰ ਕੌਰ ਵਡਾਲੀ, ਜਗਰੂਪ ਸਿੰਘ, ਨਿਰਵੈਲ ਸਿੰਘ, ਮਨਦੀਪ ਕੌਰ, ਬਲਜੀਤ ਕੌਰ, ਨਿੰਦਰ ਕੌਰ, ਮਹਿੰਦਰ ਕੌਰ, ਮਨੋਹਰ ਸਿੰਘ, ਗੇਜਾ ਸਿੰਘ, ਹਰਪਾਲ ਸਿੰਘ, ਸੁਰਜੀਤ ਸਿੰਘ, ਮੰਗਦ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

**ਪਿੰਡ ਧਾਰੜ ਵਿੱਚ ਭਾਜਪਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦੀ ਦਿੱਤੀ ਜਾਣਕਾਰੀ**

ਆਵਾਜ਼ਿ ਕੌਮ AWAZE QAUM International Newspaper & WEB TV

### ਮੁਗਲ ਹਕੂਮਤ ਨੇ ਤਾਂ ਗੁਰੂ ਸਾਹਿਬ ਤੇ 52 ਰਾਜਿਆ ਨੂੰ ਰਿਹਾਅ ਕਰਕੇ ਆਪਣੇ ਫਰਜ ਪੂਰੇ ਕੀਤੇ, ਪਰ

# ਹਿੰਦੂਤਵ ਹਕੂਮਤ ਬੰਦੀਛੋੜ ਦਿਹਾੜੇ ਦੇ ਮਹੱਤਵ ਨੂੰ ਨਜਰਅੰਦਾਜ ਕਰਕੇ ਅੱਜ ਵੀ ਸਿਆਣਪ ਤੋਂ ਦੂਰ: ਮਾਨ

ਨਵੀਂ ਦਿੱਲੀ, 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- "ਬਾਦਸ਼ਾਹ ਜਾਂਹਗੀਰ ਦੀ ਕੈਦ ਵਿਚੋਂ ਗੁਰੂ ਸਾਹਿਬ ਨੇ ਆਪਣੀ ਰਿਹਾਈ ਦੇ ਨਾਲ-ਨਾਲ 52 ਹਿੰਦੂ ਪਹਾੜੀ ਰਾਜਿਆ ਨੂੰ ਰਿਹਾਅ ਕਰਵਾਕੇ ਮਨੁੱਖਤਾ ਪੱਖੀ ਉਦਮ ਕੀਤੇ ਸਨ, ਉਸੇ ਸੋਚ ਨੂੰ ਲੈਕੇ ਹੁਕਮਰਾਨਾਂ ਨੂੰ ਵੀ ਚਾਹੀਦਾ ਹੈ ਕਿ ਜੋ 30-30 ਸਾਲਾਂ ਤੋਂ ਸਿੱਖਾਂ ਨੂੰ ਕਾਲ-ਕੋਠੜੀਆਂ ਵਿਚ ਬੰਦ ਕਰਕੇ ਵੱਡੀ ਮਾਨਸਿਕ ਤੇ ਸਰੀਰਕ ਸਜਾ ਦਿੱਤੀ ਹੋਈ ਹੈ, ਉਹ ਇਸ ਮਹਾਨ ਦਿਹਾੜੇ ਤੇ ਗੁਰੂ ਸਾਹਿਬਾਨ ਜੀ ਦੀ ਵੱਡਮੁੱਲੀ ਸੋਚ ਉਤੇ ਅਮਲ ਕਰਕੇ ਉਨ੍ਹਾਂ 30-30 ਸਾਲਾਂ ਤੋ ਬੰਦੀ ਬਣਾਏ ਗਏ ਸਿੱਖਾਂ ਨੂੰ ਤੁਰੰਤ ਰਿਹਾਅ ਕਰਵਾਉਣ ਦੇ ਹੁਕਮ ਕਰਨ ਅਤੇ ਸਮੁੱਚੇ ਸੰਸਾਰ ਵਿਚ ਉਨ੍ਹਾਂ ਦੇ ਸੰਦੇਸ ਨੂੰ ਪਹੁੰਚਾਉਣ ਤਾਂ ਕਿ ਮਨੁੱਖਤਾ ਪੱਖੀ ਉਦਮਾਂ ਨੂੰ ਸੰਸਾਰ ਪੱਧਰ ਤੇ ਬਲ ਮਿਲ ਸਕੇ ਅਤੇ ਜਮਹੂਰੀ ਕਦਰਾਂ ਕੀਮਤਾਂ ਦੀ ਰੱਖਿਆ ਹੋ ਸਕੇ ।ਮੁਗਲ ਹਕੂਮਤ ਨੇ ਤਾਂ ਗੁਰੂ ਸਾਹਿਬ ਅਤੇ 52 ਰਾਜਿਆ ਨੂੰ ਰਿਹਾਅ ਕਰਕੇ ਸਮਾਜ ਪੱਖੀ ਉਦਮ ਕੀਤਾ । ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਮੌਜੂਦਾ ਹਿੰਦੂਤਵ ਮੋਦੀ ਹਕੂਮਤ ਅੱਜ ਵੀ ਲੰਮੇ ਸਮੇ ਤੋ ਬੰਦੀ ਸਿੱਖਾਂ ਨੂੰ ਰਿਹਾਅ ਨਾ ਕਰਕੇ ਹੋਰ ਵੀ ਵੱਡੇ ਜ਼ਬਰ ਤੇ ਬੇਇਨਸਾਫ਼ੀ ਦਾ ਮੰਦਭਾਗਾ ਪ੍ਰਗਟਾਵਾ ਕਰ ਰਹੀ ਹੈ ।"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖ ਕੌਮ ਨਾਲ ਵਿਤਕਰੇ ਅਤੇ ਜ਼ਬਰ ਜੁਲਮ ਦੀ ਅਪਣਾਈ ਜਾ ਰਹੀ ਅਣਮਨੁੱਖੀ ਸੋਚ ਨੂੰ ਸਦਾ ਲਈ ਅਲਵਿਦਾ ਕਹਿਕੇ ਜੇਲ੍ਹਾਂ ਵਿਚ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ ਦੀ ਆਵਾਜ ਉਠਾਉਦੇ ਹੋਏ ਪ੍ਰਗਟ ਕੀਤੇ ।2018 ਵਿਚ ਇਰਾਕ ਵਿਚ ਆਈ.ਐਸ.ਆਈ.ਐਸ. ਸੰਗਠਨ ਨੇ 38 ਨਿਰਦੋਸ ਸਿੱਖਾਂ ਨੂੰ ਫੜਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ ।ਉਸ ਸਮੇ ਇੰਡੀਆ ਦੀ ਵਿਦੇਸ ਵਜੀਰ ਬੀਬੀ ਸੁਸਮਾ ਸਵਰਾਜ ਸਨ ।ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ, ਬੀਬੀ ਸਿਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ ।ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ ।ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਟਰ ਸਨ ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ । ਜੇਕਰ ਸਿੱਖਾਂ ਨੂੰ ਇਰਾਕ ਵਿਚੋ ਨਹੀ ਛੁਡਾਇਆ ਗਿਆ ਅਤੇ ਕਤਲ ਹੋਣ ਤੋ ਨਾ ਬਚਾਇਆ ਗਿਆ ਇਸ ਵਿਚ ਮੋਦੀ ਹਕੂਮਤ ਅਤੇ ਉਸ ਸਮੇ ਦੀ ਵਿਦੇਸ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ ।ਜਿਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ ।ਜੋ ਸਿੱਖ ਕੌਮ ਨੂੰ ਲੰਮੇ ਸਮੇ ਤੋ ਹੁਕਮਰਾਨਾਂ ਵੱਲੋ ਇਨਸਾਫ਼ ਨਹੀ ਦਿੱਤਾ ਜਾ ਰਿਹਾ ਇਸ ਨਾਲ ਹਾਲਾਤ ਹੋਰ ਵਿਸਫੋਟਕ ਬਣ ਸਕਦੇ ਹਨ । ਇਸ ਲਈ ਇਸ ਮੌਕੇ ਤੇ ਇਹ ਬਿਹਤਰ ਹੋਵੇਗਾ ਕਿ ਹੁਕਮਰਾਨ ਸਿੱਖਾਂ ਨਾਲ ਹੋਏ ਜ਼ਬਰ ਜੁਲਮ ਤੇ ਬੇਇਨਸਾਫ਼ੀ ਦਾ ਅੰਤ ਕਰਦੇ ਹੋਏ ਹਰ ਪੱਧਰ ਤੇ ਇਨਸਾਫ਼ ਦੇਣ ਦਾ ਪ੍ਰਬੰਧ ਕਰਨ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੋਚ ਨੂੰ ਸੰਸਾਰ ਪੱਧਰ ਤੇ ਹੋਰ ਮਜਬੂਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

## ਦਾਤਾ ਬੰਦੀ ਛੋੜ ਦਿਵਸ ਤੋਂ ਤਿੰਨ ਦਿਨ ਪਹਿਲਾਂ ਗੁਰਦੁਆਰਾ ਸਿੰਘ ਸਭਾ ਸਿਲਵਸ ਵਿਖੇ ਦਲ ਪੰਥ ਦੇ ਨਿਸ਼ਾਨ ਸਾਹਿਬ ਦੀ ਹੋਈ ਬੇਅਦਬੀ-ਜਸਵਿੰਦਰ ਸਿੰਘ ਜੱਸੀ

### ਬੇਅਦਬੀ ਸੰਬੰਧੀ ਸ਼ਕਾਇਤ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਭੇਜ ਦਿੱਤੀ ਗਈ ਜਥੇਦਾਰ ਜੱਸੀ



**ਜੰਡਿਆਲਾ ਗੁਰੂ, 23 ਅਕਤੂਬਰ ( ਪੱਤਰ ਪ੍ਰੇਰਕ )**-ਅੱਜ ਗੁਰਦੁਆਰਾ ਸਿੰਘ ਸਭਾ ਸਿਲਵਸ ਅਮਰੀਕਾ ਦੇ ਪ੍ਰਧਾਨ ਅਤੇ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਛਾਉਣੀ ਅਮਰੀਕਾ ਦੇ ਇੰਚਾਰਜ ਜਥੇਦਾਰ ਜਸਵਿੰਦਰ ਸਿੰਘ ਜੱਸੀ ਤੇ ਹੈਡ ਗ੍ਰੰਥੀ ਭਾਈ ਕਸ਼ਮੀਰ ਸਿੰਘ ਨੇ ਫੋਨ ਰਾਹੀਂ ਜਾਣਕਾਰੀ ਸਾਂਝੀ ਕਰਦਿਆ ਹੋਇਆ ਅਤੇ ਲਿਖਤੀ ਪੱਤਰ ਰਾਹੀਂ ਦੱਸਿਆ ਕਿ ਬੀਤੇ ਕੁਝ ਮਹੀਨੇ ਪਹਿਲਾ ਵੀ ਅਮਰੀਕਾ ਵਿੱਚ ਰਹਿ ਰਹੇ ਦਲਬੀਰ ਸਿੰਘ, ਚਰਨਜੀਤ ਸਿੰਘ ,ਨਰਿੰਦਰ ਸਿੰਘ, ਅਮਨਜੋਤ ਸਿੰਘ, ਨਿਰਮਲ ਸਿੰਘ ਵੱਲੋਂ ਬੜੀ ਚਲਾਕੀ ਦੇ ਨਾਲ ਸਿਲਵਸ ਵਿਖੇ ਗੁਰੂ ਘਰ ਵਿੱਚ ਲੱਗੇ ਨਿਸ਼ਾਨ ਸਾਹਿਬ ਉਪਰ ਲੱਗੇ ਸਟੀਲ ਦੇ ਖੰਡੇ ਨੂੰ ਉਤਰ ਕਿ ਬੇਅਦਬੀ ਕੀਤੀ ਗਈ ਸੀ ਅਤੇ ਕਾਰਵਾਈ ਕਰਨ ਤੇ ਉਨਾਂ ਵੱਲੋਂ ਕਿਹਾ ਗਿਆ ਕਿ ਅਸੀਂ ਖੰਡੇ ਨੂੰ ਸਾਫ ਕਰਨ ਲਈ ਉਤਾਰਿਆ ਸੀ ਜਿਸ ਮਸਲੇ ਸੰਬੰਧੀ ਅਮਰੀਕਾ ਸਰਕਾਰ ਨੂੰ ਸਕਾਇਤ ਕੀਤੀ ਗਈ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਵੀ ਸਕਾਇਤ ਕੀਤੀ ਗਈ ਸੀ ਜਿਸ ਦੀ ਜਾਂਚ ਚਲ ਰਹੀ ਹੈ ਅਤੇ ਹੁਣ ਫਿਰ ਦੁਬਾਰਾ 18 ਅਕਤੂਬਰ ਵਾਲੇ ਦਿਨ ਇਨਾਂ ਵੱਲੋਂ ਗੁਰਮਰਿਯਾਦਾ ਦੀਆਂ ਸਾਰੀਆਂ ਹੱਦਾਂ ਪਾਰ ਕਿ ਗੁਰੂ ਘਰ ਦੇ ਦੋਖੀ ਬਣ ਕਿ ਗੁਰਦੁਆਰਾ ਸਾਹਿਬ ਜੀ ਦੀ ਮੇਨ ਬਿਜਲੀ ਦੀ ਸਪਲਾਈ ਨੂੰ ਬੰਦ ਕਰ ਦਿੱਤਾ ਗਿਆ ਜਿਸ ਨਾਲ ਗੁਰਦੁਆਰਾ ਸਾਹਿਬ ਵਿੱਚ ਅਤੇ ਹਜੂਰੀ ਵਿੱਚ ਲੱਗੇ ਕੈਮਰੇ ਵੀਂ ਬੰਦ ਕਰ ਦਿੱਤੇ ਗਏ ਅਤੇ ਪਾਲਕੀ ਸਾਹਿਬ ਦੀਆਂ ਚਾਰੇ ਨੁਕਰਾਂ ਤੇ ਨੀਲੇ ਪੀਲੇ ਰੰਗ ਦੇ ਨਿਸ਼ਾਨ ਲੱਗੇ ਹੋਏ ਸਨ ਜਿੰਨਾਂ ਨੂੰ ਉਤਾਰ ਕਿ ਲੈ ਗਏ ਅਤੇ ਗੁਰੂ ਘਰ ਦੇ ਵਿੱਚ ਲਗੇ 25 ਫੁੱਟ ਦੇ ਨਿਸ਼ਾਨ ਤੇ 5 ਫੁੱਟ ਦੇ ਤੀਰ ਨੂੰ ਵੀ ਉਤਾਰ ਕਿ ਲੈ ਗਏ ਅਤੇ ਨਿਸ਼ਾਨ ਸਾਹਿਬ ਉਪਰ ਨੀਲੇ ਨਿਸਾਨ ਸਾਹਿਬ ਦੇ ਚੋਲੇ ਸਾਹਿਬ ਨੂੰ ਉਤਾਰ ਕਿ ਪੈਰਾਂ ਵਿੱਚ ਰੋਲਿਆ ਗਿਆ ਅਤੇ ਪੀਲੇ ਰੰਗ ਦਾ ਚੋਲਾ ਸਾਹਿਬ ਚੜਾ ਦਿੱਤਾ ਗਿਆ ਅਤੇ ਗੁਰੂ ਘਰ ਦੀ ਬਾਊਂਡਰੀ ਵਾਲ ਤੇ ਵੱਖ ਵੱਖ ਰੰਗਾਂ ਦੇ ਲੱਗੇ ਖਾਲਸੇ ਪੰਥ ਦੇ ਨਿਸ਼ਾਨ ਦੇ ਰੂਪ ਵਿੱਚ 10 ਝੰਡੇ ਵੀ ਉਤਾਰ ਕਿ ਲੈ ਗਏ ਅੱਗੇ ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਇੰਝ ਲੱਗਦਾ ਇਨਾਂ ਪਿੱਛੇ ਕੋਈ ਸਿੱਖ ਵਿਰੋਧੀ ਤਾਕਤ ਇਨਾਂ ਕੋਲੋਂ ਇਹ ਸਭ ਕੁੱਝ ਕਰਵਾ ਰਹੀ ਹੈ ਅਤੇ ਇਨਾਂ ਗੁਰੂ ਘਰ ਦੇ ਦੋਖੀਆਂ ਵੱਲੋਂ ਨੀਲੇ ਪੀਲੇ ਰੰਗ ਦੇ ਨਿਸ਼ਾਨ ਸਾਹਿਬ ਨੂੰ ਰੰਗਾਂ ਦਾ ਮੁੱਦਾ ਬਣਾ ਕਿ ਅਤੇ ਬੇਅਦਬੀ ਕਰਕੇ ਅਮਰੀਕਾ ਦੀਆਂ ਸਿੱਖ ਸੰਗਤਾਂ ਵਿੱਚ ਵਖਰੇਵਾਂ ਪੈਦਾ ਕੀਤਾ ਜਾ ਰਿਹਾ ਹੈ ਜੋ ਸਿੱਖੀ ਸਿਧਾਂਤਾ ਦੇ ਉਲਟ ਹੈ ਕਿਉਂਕਿ ਗੁਰੂ ਸਾਹਿਬ ਜੀ ਨੇ ਹਰੇਕ ਰੰਗ ਪਰਮੇਸ਼ਰ ਦਾ ਰੰਗ ਹੋਣ ਦੇ ਬਚਨ ਕੀਤੇ ਹਨ ਅੱਗੇ ਉਨਾਂ ਕਿਹਾ ਕਿ ਵੱਖ-ਵੱਖ ਰੰਗਾਂ ਦੇ ਨਿਸ਼ਾਨ ਸਾਹਿਬ ਨੂੰ ਦਲ ਪੰਥਾਂ ਵੱਲੋਂ ਵੀ ਸਜਾਏ ਜਾਂਦੇ ਹਨ ਪਰ ਇਨਾਂ ਗੁਰੂ ਘਰ ਦੇ ਦੋਖੀਆਂ ਵੱਲੋਂ ਦਲ ਪੰਥਾਂ ਨੂੰ ਅਤੇ ਸਿੱਖ ਕੌਮ ਨੂੰ ਰੰਗਾਂ ਦਾ ਮੁੱਦਾ ਬਣਾ ਕਿ ਵੰਗਾਰਿਆ ਜਾ ਰਿਹਾ ਹੈ ਜੋ ਅਤਿਨਿੰਦਣ ਯੋਗ ਕਾਰਵਾਈ ਹੈ ਜਿਸ ਦੀ ਜਿੰਨੀ ਨਿੰਦਿਆ ਕੀਤੀ ਜਾਵੇ ਥੋੜ੍ਹੀ ਹੈ ਅੱਗੇ ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਦਾਤਾ ਬੰਦੀ ਛੋੜ ਦਿਵਸ ਮੌਕੇ ਇਨਾਂ ਦੋਖੀਆਂ ਵੱਲੋ ਕੀਤੀ ਗਈ ਨਿੰਦਣਯੋਗ ਕਾਰਵਾਈ ਨੇ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਵਲੂੰਧਰ ਕਿ ਰੱਖ ਦਿੱਤਾ ਹੈ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਜੀ ਨੂੰ ਬੇਨਤੀ ਕਰਦੇ ਹਾਂ ਕਿ ਇਨਾਂ ਦੋਖੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਬੁਲਾਇਆ ਜਾਵੇ ਅਤੇ ਇਨਾਂ ਉਪਰ ਖਾਲਸੇ ਪੰਥ ਵੱਲੋ ਬਣਦੀ ਕਾਰਵਾਈ ਕੀਤੀ ਜਾਵੇ ! ਅਤੇ 295 1 ਧਾਰਾ ਤਹਿਤ ਬੇਅਦਬੀ ਦਾ ਪਰਚਾ ਦਰਜ ਕਰਵਾਇਆ ਜਾਵੇ ! ਇਸ ਵਾਪਰੀ ਬੇਅਦਬੀ ਦੀ ਘਟਨਾ ਸੰਬੰਧੀ ਲਿਖਤੀ ਸਕਾਇਤ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਭੇਜ ਦਿੱਤੀ ਗਈ ਹੈ !

ਆਵਾਜ਼ਿ ਕੌਮ AWAZE QAUM International Newspaper & WEB TV

## ਇਕ ਮਹੀਨੇ ਤੋ ਵੈਟਨਰੀ ਇਸਪੈਕਟਰ ਦਾ ਵਰਕ-ਟੂ-ਰੂਲ ਜਾਰੀ, ਰਿਪੋਰਟਿੰਗ ਦਾ ਕੰਮ ਹੋਇਆ ਠੱਪ : ਬਾਸੀ

**ਹੁਸ਼ਿਆਰਪੁਰ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੁਸ਼ੂ ਪਾਲਣ ਵਿਭਾਗ, ਵਿੱਚ ਕੰਮ ਕਰਦੇ ਵੈਟਨਰੀ ਇੰਸਪੈਕਟਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ। ਵੈਟਰਨਰੀ ਇੰਸਪੈਕਟਰ ਵਿਭਾਗ ਦੀ ਰੀੜ ਦੀ ਹੱਡੀ ਹਨ, ਇਸ ਕੇਡਰ ਵੱਲੋਂ ਵਿਭਾਗ ਦਾ ਸਭ ਤੋਂ ਵੱਧ ਕੰਮ ਕੀਤਾ ਜਾਂਦਾ ਹੈ, ਸਾਰੀਆਂ ਸਰਕਾਰੀ ਸਕੀਮਾਂ ਭਾਵੇਂ ਉਹ ਕੇਂਦਰ ਸਰਕਾਰ ਦੀਆਂ ਸਕੀਮਾਂ ਹੋਣ ਭਾਵੇਂ ਪੰਜਾਬ ਸਰਕਾਰ ਦੀਆਂ ਸਕੀਮਾਂ ਹੋਣ, ਇਸ ਕੇਡਰ ਵੱਲੋਂ ਗਰਾਊਂਡ ਲੈਵਲ ਤੇ ਲਾਗੂ ਕੀਤੀਆਂ ਜਾਂਦੀਆਂ ਹਨ, ਵਿਭਾਗ ਵਿੱਚ 2010 ਪੋਸਟਾਂ ਵੈਟਨਰੀ ਇੰਸਪੈਕਟਰਾਂ ਦੀਆਂ ਹਨ, ਜੋ ਕਿ ਵਿਭਾਗ ਵਿੱਚ ਕੰਮ ਕਰਦੇ ਮੁਲਾਜ਼ਮਾਂ ਦਾ 50% ਹਨ, ਵਿਭਾਗ ਦਾ ਵੱਡਾ ਹਿੱਸਾ ਹੋਣ ਕਰਕੇ ਸਭ ਤੋਂ ਵੱਧ ਕੰਮ ਇਸ ਕੇਡਰ ਵੱਲੋਂ ਹੀ ਕੀਤਾ ਜਾਂਦਾ ਹੈ, ਜਿਸ ਤੋਂ ਵਿਭਾਗ ਦੀ ਅਫਸਰ ਸ਼ਾਹੀ ਭਲੀ ਭਾਂਤ ਜਾਣੂ ਹੈ। ਵੈਟਨਰੀ ਇੰਸਪੈਕਟਰਾਂ ਦੀਆਂ ਮੰਗਾਂ ਵਿੱਚ ਸਭ ਤੋਂ ਵੱਡਾ ਅੜਿਕਾ ਵੀ ਵਿਭਾਗ ਦੀ ਅਫਸਰ ਸ਼ਾਹੀ ਬਣੀ ਹੋਈ ਹੈ, ਵੈਟਨਰੀ ਇੰਸਪੈਕਟਰਾਂ ਦੀਆਂ ਮੰਗਾਂ ਸਬੰਧੀ ਵਿਭਾਗ ਦੇ ਕੈਬਨਿਟ ਮੰਤਰੀ ਮਾਣਯੋਗ ਗੁਰਮੀਤ ਸਿੰਘ ਖੁਡੀਆਂ ਨਾਲ ਐਸੋਸੀਏਸ਼ਨ ਦੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ, ਬੀਤੇ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਮਾਨਯੋਗ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਨਾਲ ਵੀ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਸੀ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਵੱਲੋਂ ਵੈਟਨਰੀ ਇੰਸਪੈਕਟਰਾਂ ਦੀਆਂ ਮੰਗਾਂ ਸਬੰਧੀ ਸਹਿਮਤੀ ਦੇਣ ਦੇ ਬਾਵਜੂਦ ਵੀ ਹੁਣ ਤੱਕ ਕਿਸੇ ਇੱਕ ਵੀ ਮੰਗ ਉੱਪਰ ਪੰਜਾਬ ਸਰਕਾਰ ਵੱਲੋਂ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ, ਇੰਜ ਮਹਿਸੂਸ ਹੋ ਰਿਹਾ ਹੈ, ਜਿਵੇਂ ਪੰਜਾਬ ਸਰਕਾਰ, ਅਫਸਰ ਸ਼ਾਹੀ ਦੇ ਦਬਾਅ ਹੇਠਾਂ ਕੰਮ ਕਰ ਰਹੀ ਹੈ। ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਵਰਕ ਟੂ ਰੂਲ ਕੀਤਾ ਹੋਇਆ ਹੈ, ਜੋ ਕਿ ਇਕ ਮਹੀਨਾ ਬੀਤ ਜਾਣ ਦੇ ਬਾਵਜੂਦ ਵੀ ਜਾਰੀ ਹੈ, ਇਸ ਦੇ ਨਾਲ ਹੀ ਹਰ ਤਰ੍ਹਾਂ ਦੀ ਆਨਲਾਈਨ ਰਿਪੋਰਟਿੰਗ ਦਾ ਵੀ ਬਾਈਕਾਟ ਕੀਤਾ ਹੋਇਆ ਹੈ, ਜਿਸ ਨਾਲ ਮੂੰਹ ਖੁਰ ਦੀ ਵੈਕਸੀਨੇਸ਼ਨ ਦੀ ਆਨਲਾਈਨ ਰਿਪੋਰਟਿੰਗ ਦਾ ਕੰਮ ਠੱਪ ਪਿਆ ਹੈ, ਜਿਸ ਨਾਲ ਵਿਭਾਗ ਦੀ ਅਫਸਰ ਸ਼ਾਹੀ ਵਿੱਚ ਬਹੁਤ ਖਲਬਲੀ ਮਚੀ ਹੋਈ ਹੈ, ਵਿਭਾਗ ਦੀ ਅਫਸਰਸ਼ਾਹੀ ਫੀਲਡ ਵਿੱਚ ਕੰਮ ਕਰਦੇ ਵੈਟਨਰੀ ਇੰਸਪੈਕਟਰਾਂ ਤੇ ਆਪਣਾ ਦਬਾਅ ਬਣਾਉਣ ਲਈ ਤਰ੍ਹਾਂ ਤਰ੍ਹਾਂ ਦੇ ਪੱਤਰ ਜਾਰੀ ਕਰ ਰਹੀ ਹੈ।




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



# 350 ਸ਼ਹੀਦੀ ਸਮਾਗਮ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ

**ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ**

## 23 ਤੋਂ 26 ਅਕਤੂਬਰ 2025 ਤੱਕ

**23 ਅਕਤੂਬਰ (ਵੀਰਵਾਰ)**
ਪਾਠ ਸ੍ਰੀ ਸੁਖਮਨੀ ਸਾਹਿਬ – ਦੁਪਹਿਰ 3:00 ਵਜੇ
ਦੀਵਾਨ – 3:00 ਵਜੇ ਤੋਂ 8:30 ਵਜੇ ਤੱਕ

**24 ਅਕਤੂਬਰ (ਸ਼ੁੱਕਰਵਾਰ)**
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 8:30 ਵਜੇ ਤੱਕ

**25 ਅਕਤੂਬਰ (ਸ਼ਨੀਵਾਰ)**
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 9:00 ਵਜੇ ਤੱਕ

**26 ਅਕਤੂਬਰ (ਐਤਵਾਰ)**
ਸ੍ਰੀ ਸਹਿਜ ਪਾਠ ਭੋਗ – ਸਵੇਰੇ 10:00 ਵਜੇ
ਦੀਵਾਨ – ਸਵੇਰੇ 5:30 ਵਜੇ ਤੋਂ ਸ਼ਾਮ 7:00 ਵਜੇ ਤੱਕ

## ਕਾਰ ਪਾਰਕ

ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ
126-128 High St, West Bromwich B70 6JW

ਆਵਾਜ਼ਿ ਕੌਮ AWAZE QAUM
International Newspaper & WEB TV

**ਸੈਂਡਵੈਲ ਦੇ ਸਮੂਹ ਗੁਰਦੁਆਰਿਆਂ ਸਾਹਿਬ ਦੇ ਸਹਿਜੋਗ ਨਾਲ ਸਾਂਝੇ ਤੋਰ ਤੇ ਅਤੇ ਸਮੂਹ ਸਾਧ ਸੰਗਤ ਦੇ ਸਹਿਜੋਗ ਨਾਲ ਚਾਰ ਦਿਨਾਂ ੩੫੦ ਸਾਲਾਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ ਵੈਸਟ ਬਰੋਮਵਿਚ ਦੀ ਕਾਰ ਪਾਰਕਿੰਗ ਵਿੱਚ ਮਨਾਇਆ ਜਾ ਰਿਹਾ ਹੈ**

ਗੁਰਦੁਆਰਾ ਨਾਨਕਸਰ - ਸਮੈਥਵਿਕ
ਗੁਰਦੁਆਰਾ ਸਚਖੰਡ ਇਸ਼ਰ ਦਰਬਾਰ
ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਜੀ ਟਿਵੀਡੇਲ

Sikh Council Sandwell | Guru Nanak Gurdwara | Sri Guru HarRai Sahib Ji | Gurdwara Guru Maneyo Granth Oldbury | Gurdwara Oldbury

Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181


SRI GURU TEGH BAHADUR SAHIB JI
350TH
SHAHEEDI DIVAS
350TH SHAHEEDI SMAGAM
DEDICATED TO THE 350TH SHAHEEDI OF
SRI GURU TEGH BAHADUR SAHIB JI
In memory of Shaheeds Bhai Mati Das Ji, Bhai Sati Das Ji, and Bhai Dayala Ji
23RD – 26TH OCTOBER 2025
23rd October (Thursday)
Path Sri Sukhmani Sahib – 3:00 PM
Divaan – 3:00 PM to 8:30 PM
24th October (Friday)
Divaan – 5:30 AM to 8:30 PM
25th October (Saturday)
Divaan – 5:30 AM to 9:00 PM
26th October (Sunday)
Sri Sehaj Path Bhog – 10:00 AM
Divaan – 5:30 AM to 7:00 PM
SMAGAM HELD IN CAR PARK OF
GURDWARA GURU HAR RAI SAHIB JI
126–128 HIGH ST, WEST BROMWICH B70 6JW
ਆਵਾਜ਼ਿ ਕੌਮ AWAZE QAUM
International Newspaper & WEB TV
This smagam has been organised by The Sandwell Council of Sikh Gurdware and the Sadh Sangat. Please come along and attend this four day program with your friends and family to remember the sacrifice of our great shaheeds.
Gurdwara Nanaksar Smethwick
Gurdwara Sachkhand Isher Darbar
Gurdwara Guru Hargobind Sahib Ji Tividale
Sikh Council Sandwell
Guru Nanak Gurdwara
Sri Guru HarRai Sahib Ji
Gurdwara Guru Maneyo Granth OLDBURY
GURDWARA OLDBURY
Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181


SARDARI TRAVELS
SARDARI TRAVELS PROUDLY PRESENTS
NANKANA SAHIB YATRA
2025
31 October To 08 November
ਆਵਾਜ਼ਿ ਕੌਮ AWAZE QAUM
International Newspaper & WEB TV
Hurry Book Your Seats Now
ਗੁਰਦੁਆਰਾ ਜਨਮ ਅਸਥਾਨ ਸ਼੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ਼੍ਰੀ ਪੰਜਾ ਸਾਹਿਬ, ਗੁਰਦੁਆਰਾ ਸ਼੍ਰੀ ਡੇਹਰਾ ਸਾਹਿਬ, ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ।
ਖ਼ਾਲਸਾ ਪੰਥ ਤੋਂ ਵਿਛੜੇ 25 ਤੋਂ ਵੱਧ ਗੁਰਧਾਮਾਂ ਦੀ ਇਤਿਹਾਸਕ ਯਾਤਰਾ।
ਨੋਟ - ਜੋ ਧਾਰਮਿਕ ਯਾਤਰਾ ਕਰਨ ਦੇ ਚਾਹਵਾਨ ਹਨ ਅਤੇ ਪੈਸੇ ਇਕੱਠੇ ਨਹੀਂ ਦੇ ਸਕਦੇ। ਉਹ ਸਾਨੂੰ ਪੈਸੇ ਕਿਸਤਾਂ ਰਾਹੀਂ ਵੀ ਅਦਾ ਕਰ ਸਕਦੇ ਹਨ।
ਕਿਸੇ ਵੀ ਤਰ੍ਹਾਂ ਦੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ -
ਸੁਲੱਖਣ ਸਿੰਘ ਇਟਲੀ +39 3471560734
Via, G.B.MORONI,11, GORLAGO BERGAMO. ITALY.

### ਸਰਕਾਰੀ ਸਕੂਲ ਕਾਤਰੋਂ ਵਿਖੇ

# ਸਟੇਟ ਪੱਧਰ ਦੇ ਖਿਡਾਰੀ ਸਨਮਾਨਿਤ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਤਰੋਂ ਵਿਖੇ ਸਕੂਲ ਮੁਖੀ ਅਮਨਦੀਪ ਸਿੰਘ ਪਾਠਕ ਦੀ ਯੋਗ ਅਗਵਾਈ ਹੇਠ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਉਹਨਾਂ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਟੇਟ ਪੱਧਰ ਤੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ 11 ਖਿਡਾਰੀਆਂ ਨੂੰ ਖੇਡ ਕਿੱਟਾਂ ਭੇਟ ਕੀਤੀਆਂ ਗਈਆਂ ਅਤੇ ਨੈਸ਼ਨਲ ਪੱਧਰ ਦੇ ਕੈਂਪ ਵਿੱਚ ਸਿਲੈਕਟ ਹੋਈ ਖਿਡਾਰਣ ਬੇਅੰਤ ਕੌਰ ਨੂੰ ਟਰੈਕ ਸੂਟ ਅਤੇ ਬੂਟ ਦਿੱਤੇ ਗਏ, ਇਸ ਮੌਕੇ ਸਕੂਲ ਮੁਖੀ ਅਮਨਦੀਪ ਸਿੰਘ ਪਾਠਕ ਅਤੇ ਸਕੂਲ ਸਟਾਫ਼ ਵੱਲੋਂ ਗੁਰਵਿੰਦਰ ਸਿੰਘ ਡੀਪੀਈ, ਬਾਬਾ ਬੂਟਾ ਸਿੰਘ, ਫੁੱਟਬਾਲ ਕਲੱਬ ਦੇ ਪ੍ਰਧਾਨ ਸੁਖਵਿੰਦਰ ਸਿੰਘ, ਯੁਵਕ ਸੇਵਾਵਾਂ ਕਲੱਬ ਦੇ ਪ੍ਰਧਾਨ ਗੁਰਸੇਵਕ ਸਿੰਘ, ਕੈਪਟਨ ਜਤਿੰਦਰ ਸਿੰਘ, ਕੋਚ ਰੋਸ਼ਨਦੀਪ ਸਿੰਘ, ਬਲਵੀਰ ਸਿੰਘ ਟੈਨੀ ਦਾ ਸਨਮਾਨ ਇਸ ਪ੍ਰਾਪਤੀ ਲਈ ਕੀਤਾ ਗਿਆ , ਇਸ ਮੌਕੇ ਬਾਬਾ ਬੂਟਾ ਸਿੰਘ ( ਡੇਰਾ ਸਾਹਿਬ ਕਾਤਰੋਂ) ਵੱਲੋ ਖਿਡਾਰੀਆਂ ਨੂੰ ਘਿਉ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਆਏ ਪਤਵੰਤੇ ਸੱਜਣਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਲੈਕਚਰਾਰ ਬਲਜਿੰਦਰ ਸਿੰਘ, ਕੈਪਟਨ ਜਤਿੰਦਰ ਸਿੰਘ, ਲੈਕਚਰਾਰ ਜਸਵਿੰਦਰ ਕੌਰ, ਲੈਕਚਰਾਰ ਮਾਲਵਿੰਦਰ ਕੌਰ, ਲੈਕਚਰਾਰ ਰਮਿੰਦਰਜੀਤ ਕੌਰ, ਰਣਜੀਤ ਕੌਰ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਕੌਰ, ਗੁਰਵਿੰਦਰ ਸਿੰਘ ਡੀਪੀਈ, ਅਮਨਦੀਪ ਕੌਰ, ਅਮਰਜੀਤ ਸਿੰਘ, ਹਰੀਸ਼ ਬਾਲਾ, ਗੁਰਜਿੰਦਰ ਕੌਰ, ਰਾਜਿੰਦਰ ਕੌਰ, ਅਮਨਦੀਪ ਧੀਮਾਨ, ਈਨਾ ਗਰਗ ,ਸ਼ਿਵਾਂਗੀ ਸ਼ਰਮਾ, ਅੰਮ੍ਰਿਤਪਾਲ ਸਿੰਘ, ਮੀਨਾ ਗੋਇਲ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

### ਸੈਟ ਸੋਲਜਰ ਸਕੂਲ ਵਿਖੇ ਦਾਤਾ ਬੰਦੀ ਛੋੜ ਅਤੇ ਦਿਵਾਲੀ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਗਿਆ

# ਸਤਿਗੁਰ ਬੰਦੀ ਛੋੜ ਹੈ ਬੱਚਿਆਂ ਨੇ ਸ਼ਬਦ ਗਾਇਨ ਕਰਕੇ ਮਾਹੌਲ ਨੂੰ ਭਗਤੀ ਦੇ ਰੰਗ ਚ ਰੰਗ ਦਿੱਤਾ





**ਜੰਡਿਆਲਾ ਗੁਰੂ, 23 ਅਕਤੂਬਰ ( ਕੁਲਵੰਤ ਸਿੰਘ ਵਿਰਦੀ )**-ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਰੋਸ਼ਨੀ ਦਾ ਤਿਉਹਾਰ ਦਿਵਾਲੀ ਅਤੇ ਬੰਦੀ ਛੋੜ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸੰਬੰਧ ਵਿੱਚ ਦੋ ਰੋਜ਼ਾ ਵਿਸ਼ੇਸ਼ ਅਸੇਬਲੀ ਵਿੱਚ ਪ੍ਰੋਗਰਾਮ ਰੱਖਿਆ ਗਿਆ। ਪਹਿਲੇ ਦਿਨ ਅਸੈਂਬਲੀ ਵਿੱਚ ਬੱਚਿਆਂ ਵੱਲੋਂ ਸਤਿਗੁਰ ਬੰਦੀ ਛੋੜ ਹੈ ਸ਼ਬਦ ਗਾਇਨ ਕਰਕੇ ਆਪਣੀ ਹਾਜ਼ਰੀ ਲਗਵਾਈ ਉਪਰੰਤ ਬੱਚਿਆਂ ਵੱਲੋਂ ਦਾਤਾ ਬੰਦੀ ਛੋੜ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਿਤ ਚਾਰਟ ਬਣਾਏ ਗਏ ਭਾਸ਼ਣ ਅਤੇ ਕਵਿਤਾ ਰਾਹੀਂ ਗੁਰ ਇਤਿਹਾਸ ਬਾਰੇ ਸਭ ਨੂੰ ਜਾਣਕਾਰੀ ਦਿੱਤੀ। ਅਗਲੇ ਦਿਨ ਅਸੈਂਬਲੀ ਵਿੱਚ ਭਗਵਾਨ ਰਾਮ ਚੰਦਰ ਜੀ ਦੇ ਲੰਕਾ ਵਿਜੇ ਉਪਰੰਤ ਅਯੋਧਿਆ ਪਹੁੰਚਣ ਦੇ ਬਿਰਤਾਂਤ ਨੂੰ ਬੱਚਿਆਂ ਨੇ ਇੱਕ ਸ਼ਾਨਦਾਰ ਲਘੂ ਨਾਟਕ ਰਾਹੀਂ ਦਰਸਾਇਆ ਅਤੇ ਬੱਚਿਆਂ ਵੱਲੋਂ ਹੇ ਰਾਮ ਹੇ ਰਾਮ ਭਜਨ ਗਾਇਨ ਕਰਕੇ ਸਭ ਨੂੰ ਭਗਵਾਨ ਰਾਮ ਦੀ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਸਕੂਲ ਨੂੰ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੀਆਂ ਰੰਗ ਬਿਰੰਗੀਆਂ ਰੰਗੋਲੀਆਂ ਦੀਵੇ ਫੁੱਲਾਂ ਅਤੇ ਗੁਬਾਰਿਆਂ ਨਾਲ ਸਜਾਇਆ ਗਿਆ। ਬੱਚਿਆਂ ਨੇ ਵੇਸਟ ਟੂ ਵੈਲਥ ਰਾਹੀਂ ਆਪਣੇ ਹੱਥਾਂ ਨਾਲ ਤਿਆਰ ਕੀਤੇ ਸਜ਼ਾਵਟੀ ਸਮਾਨ ਨਾਲ ਪੂਰੇ ਸਕੂਲ ਨੂੰ ਸਜਾਇਆ, ਜਿਸ ਨਾਲ ਰੌਣਕਾਂ ਦਾ ਪੂਰਾ ਮਾਹੌਲ ਬਣ ਗਿਆ, ਇਹਨਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੀ ਮਹੱਤਤਾ ਬਾਰੇ ਜਾਨਣ ਵਿੱਚ ਮਦਦ ਕੀਤੀ ਅਤੇ ਸਕੂਲ ਨੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦੇ ਸੰਦੇਸ਼ ਨਾਲ ਵਾਤਾਵਰਨ ਅਨੁਕੂਲ ਦਿਵਾਲੀ ਮਨਾਈ। ਇਸ ਦੇ ਨਾਲ ਹੀ ਸਕੂਲ ਦੇ ਪੰਜ ਹਾਊਸਾਂ ਦੇ ਵਿਚਕਾਰ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਪੈਨਜੀ ਹਾਊਸ ਨੇ ਪਹਿਲਾਂ ਇਨਾਮ, ਲਿਲੀ ਹਾਊਸ ਦੂਸਰਾ ਇਨਾਮ ਅਤੇ ਡੇਜ਼ੀ ਹਾਊਸ ਨੇ ਤੀਸਰਾ ਇਨਾਮ ਹਾਸਿਲ ਕੀਤਾ। ਇਸੇ ਤਰ੍ਹਾਂ ਕਿੰਡਰ ਗਾਰਡਨ ਸੈਕਸ਼ਨ ਦੇ ਬੱਚਿਆਂ ਦੇ ਸੁੰਦਰ ਥਾਲੀ ਸਜਾਵਟ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਆਯੂਸ਼ ਭਾਸਕਰ ਸੈਕਿੰਡ ਈ ਕਲਾਸਨੇ ਪਹਿਲਾ ਇਨਾਮ ਰੋਸ਼ਿਕਾ ਸੈਕਿੰਡ ਏ ਨੇ ਦੂਸਰਾ ਇਨਾਮ ਅਤੇ ਆਰਵੀ ਸੈਕਿੰਡ ਸੀ ਨੇ ਤੀਸਰਾ ਇਨਾਮ ਹਾਸਿਲ ਕੀਤਾ। ਇਸੇ ਤਰ੍ਹਾਂ ਮਟਕਾ ਸਜਾਵਟ ਮੁਕਾਬਲਿਆਂ ਦੇ ਵਿੱਚ ਸਹਿਜ ਪ੍ਰੀਤ ਕੌਰ ਨੌਵੀਂ ਏ ਕਲਾਸ ਪਹਿਲਾ ਇਨਾਮ ਇਬਾਦਤ ਕੌਰ ਨੌਵੀਂ ਏ ਕਲਾਸ ਦੂਸਰਾ ਇਨਾਮ, ਜਪਨੀਤ ਕੌਰ ਨੌਵੀਂ ਬੀ ਕਲਾਸ ਤੀਸਰਾ ਨਾਮ ਅਤੇ ਗੁਰਲੀਨ ਕੌਰ +1 ਸਾਇੰਸ ਨੇ ਚੌਥਾ ਇਨਾਮ ਹਾਸਲ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਜੀ ਨੇ ਸਮੂਹ ਅਧਿਆਪਕਾਂ ਅਤੇ ਬੱਚਿਆਂ ਨੂੰ ਦਿਵਾਲੀ ਦੀਆਂ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਖੁਸ਼ੀਆਂ ਖੁਸ਼ਹਾਲੀ ਅਤੇ ਸਫਲਤਾਵਾਂ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਗੁਰਪ੍ਰੀਤ ਕੌਰ ,ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਨੌਜਵਾਨ ਖਿਡਾਰੀ ਲਵੀ ਸਿੰਘ ਦਾ ਸਨਮਾਨ

## ਸੋਲਨ ਵਿਖੇ ਹੋਈ ਕਿਕ ਬਾਕਸਿੰਗ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਅੰਡਰ-16 ਉਮਰ ਵਰਗ ਵਿੱਚ ਸੋਨ ਤਗਮਾ ਜਿੱਤਿਆ




**ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )**-ਹਲਕਾ ਲਹਿਰਾਗਾਗਾ ਦੇ ਪਿੰਡ ਸੇਖੂਵਾਸ ਦੇ ਰਹਿਣ ਵਾਲੇ ਨੌਜਵਾਨ ਖਿਡਾਰੀ ਲਵੀ ਸਿੰਘ ਪੁੱਤਰ ਸੁਖਵਿੰਦਰ ਸਿੰਘ ਨੇ ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਦੇ ਸੋਲਨ ਵਿਖੇ ਹੋਈ ਕਿਕ ਬਾਕਸਿੰਗ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਅੰਡਰ-16 ਉਮਰ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨ ਤਗਮਾ ਜਿੱਤਿਆ ਹੈ। ਉਸ ਦੀ ਇਸ ਪ੍ਰਾਪਤੀ ਨੂੰ ਦੇਖਦੇ ਹੋਏ ਹੁਣ ਉਸ ਦੀ ਚੋਣ ਏਸ਼ੀਅਨ ਚੈਂਪੀਅਨਸ਼ਿਪ ਲਈ ਹੋਈ ਹੈ, ਜੋ ਕਿ ਆਉਣ ਵਾਲੇ ਸਮੇਂ ਵਿੱਚ ਹੋਣੀ ਹੈ। ਇਸ ਉਪਲਬਧੀ ਲਈ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਵਿਸ਼ੇਸ਼ ਤੌਰ 'ਤੇ ਲਵੀ ਸਿੰਘ ਦਾ ਸਨਮਾਨ ਕੀਤਾ ਅਤੇ ਉਸ ਦੇ ਚਮਕਦੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾ ਰਹੇ ਹਨ, ਜੋ ਮਾਣ ਦੀ ਗੱਲ ਹੈ। ਸ਼੍ਰੀ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਖੇਡਾਂ ਦੇ ਪ੍ਰੋਤਸਾਹਨ ਲਈ ਵਚਨਬੱਧ ਹੈ ਅਤੇ ਖਿਡਾਰੀਆਂ ਨੂੰ ਉੱਚ ਪੱਧਰੀ ਸਹੂਲਤਾਂ, ਸਿਖਲਾਈ ਅਤੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ ਤਾਂ ਜੋ ਉਹ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਝੰਡਾ ਲਹਿਰਾ ਸਕਣ। ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਮੈਦਾਨ ਤੇ ਸਟੇਡੀਅਮ ਜੰਗੀ ਪੱਧਰ ਉੱਤੇ ਬਣਾਏ ਜਾ ਰਹੇ ਹਨ, ਤਾਂ ਜੋ ਹਰ ਪਿੰਡ ਦਾ ਨੌਜਵਾਨ ਆਪਣੇ ਖੇਤਰ ਵਿੱਚ ਅੱਗੇ ਵੱਧ ਸਕੇ ਤੇ ਸੂਬੇ ਦਾ ਨਾਮ ਚਮਕਾ ਸਕੇ। ਸ਼੍ਰੀ ਗੋਇਲ ਨੇ ਕਿਹਾ ਕਿ ਲਵੀ ਸਿੰਘ ਵਰਗੇ ਨੌਜਵਾਨ ਖਿਡਾਰੀ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਸਰੋਤ ਹਨ ਅਤੇ ਪਿੰਡ ਪੱਧਰ 'ਤੇ ਟੈਲੰਟ ਨੂੰ ਨਿਖਾਰਨ ਲਈ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਖਿਡਾਰੀ ਦੇ ਪਰਿਵਾਰ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਮਾਪਿਆਂ ਦੀ ਹੌਸਲਾ ਅਫ਼ਜ਼ਾਈ ਹੀ ਬੱਚਿਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ, ਪਿੰਡ ਦੇ ਸਰਪੰਚ, ਪੰਚ, ਵੱਖ ਵੱਖ ਅਹੁਦੇਦਾਰ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਨਿਹੰਗ ਸਿੰਘਾਂ ਤੇ ਪੰਥ ਦੀਆਂ ਜਥੇਬੰਦੀਆਂ ਵੱਲੋਂ ਮਾਨਤਾ ਦੇਣ ਦੀ ਸ਼ਲਾਘਾ: ਪੁਰੇਵਾਲ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

**ਨਵੀਂ ਦਿੱਲੀ 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-** ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੰਘ ਸਭਾ ਦੇ ਜਨਰਲ ਸਕੱਤਰ ਅਤੇ ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਨਿਹੰਗ ਸਿੰਘ, ਪੰਥਕ ਦਲਾਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਮਾਨਤਾ ਦੇਣ ਸਬੰਧੀ ਆਏ ਬਿਆਨਾਂ ਦੀ ਸ਼ਲਾਘਾ ਕੀਤੀ ਹੈ ।ਉਹਨਾਂ ਕਿਹਾ ਜਥੇਦਾਰ ਗੜਗੱਜ ਪਾਸੋਂ ਬੰਦੀਛੋੜ ਦਿਵਸ ਦੇ ਸਮਾਗਮਾਂ ਮੌਕੇ ਨਿਹੰਗ ਸਿੰਘਾਂ ਵੱਲੋਂ ਮਾਣ ਸਨਮਾਨ ਨਾ ਲੈਣਾ ਵੀ ਸਮੇਂ ਮੁਤਾਬਕ ਸਹੀ ਫ਼ੈਸਲਾ ਸੀ, ਕਿਉਂਕਿ ਉਸ ਵਕਤ ਤੱਕ ਜਥੇਦਾਰ ਹੁਣਾਂ ਨੂੰ ਮਾਨਤਾ ਹੀ ਨਹੀਂ ਸੀ ਦਿੱਤੀ ਗਈ। ਸ: ਪੁਰੇਵਾਲ ਅਤੇ ਰਘਬੀਰ ਸਿੰਘ ਨੇ ਕਿਹਾ ਕਿ ਕਾਰਜਕਾਰੀ ਜਥੇਦਾਰ ਗੜਗੱਜ ਹੁਣਾਂ ਨੇ ਹੁਣ ਤੱਕ ਸਹੀ ਫੈਸਲੇ ਲਏ ਹਨ ।ਉਹਨਾਂ ਨੂੰ ਪਿਛਲੇ ਦਿਨੀਂ ਮਾਣ ਸਨਮਾਨ ਵਜੋਂ ਦਿੱਤਾ ਗਿਆ ਸੋਨੇ ਦਾ ਖੰਡਾ ਲੈਣ ਉਪਰੰਤ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖ ਦਿੱਤਾ ਸੀ ।ਉਹਨਾਂ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਹੁਣਾਂ ਨੂੰ ਕਈ ਥਾਂਈਂ ਮਾਣ ਸਨਮਾਨ ਵਜੋਂ ਪੈਸੇ ਦਿੱਤੇ ਗਏ ਤਾਂ ਉਹਨਾਂ ਨੇ ਆਪ ਨਹੀਂ ਰੱਖੇ ਸਗੋਂ ਗ੍ਰੰਥੀ ਸਿੰਘਾਂ ਨੂੰ ਦੇ ਦਿੱਤੇ ਅਤੇ ਕਿਹਾ ਕਿ ਗ੍ਰੰਥੀ ਸਿੰਘਾਂ ਨੂੰ ਚੰਗੀ ਤਨਖਾਹ ਮਿਲਣੀ ਚਾਹੀਦੀ ਹੈ ।ਜਥੇਦਾਰ ਗੜਗੱਜ ਹੁਣਾਂ ਦਾ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਸਪੱਸ਼ਟ ਸਟੈਂਡ ਹੈ, ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਅਵਾਜ਼ ਉਠਾ ਰਹੇ ਹਨ ।ਇਸ ਸਮੇਂ ਪੰਥਕ ਏਕਤਾ ਦੀ ਬਹੁਤ ਲੋੜ ਹੈ। ਇਸ ਲਈ ਪੰਥ ਦੀ ਏਕਤਾ ਲਈ ਬਹੁਤ ਸਾਰੀਆਂ ਜਥੇਬੰਦੀਆਂ ਦੇ ਮੁਖੀਆਂ ਨੂੰ ਮਿਲ ਕੇ ਜੋ ਉਦਮ ਕਰ ਰਹੇ ਹਨ, ਉਹਨਾਂ ਦੀ ਅਸੀਂ ਸ਼ਲਾਘਾ ਕਰਦੇ ਹਾਂ ।

ਆਵਾਜ਼ਿ ਕੌਮ AWAZE QAUM International Newspaper & WEB TV

## ਮੈਂ ਨਫਰਤ ਦੀ ਪਾਤਰ ਹਾਂ

# ਮੁਹੱਬਤ ਮੇਰੇ ਹਿੱਸੇ ਕਦੀ ਨਹੀਂ ਆਈ

ਮੈਂ ਹਮੇਸ਼ਾਂ ਨਫਰਤ ਦੀ ਪਾਤਰ ਰਹੀ ਹਾਂ।
ਮੁਹੱਬਤ ਮੇਰੇ ਹਿੱਸੇ ਕਦੀ ਨਹੀਂ ਆਈ।

ਮੈਨੂੰ ਹਮੇਸ਼ਾਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ।
ਹਮੇਸ਼ਾਂ ਮੇਰੇ ਬਾਰੇ ਕੂੜ ਪ੍ਰਚਾਰ ਕੀਤਾ ਗਿਆ।

ਮੈਨੂੰ ਬਦਨਾਮ ਕਰਨ ਦੀ ਹਮੇਸ਼ਾਂ ਭਰਪੂਰ ਕੋਸ਼ਿਸ਼ ਕੀਤੀ ਗਈ।
ਮੈਨੂੰ ਹਮੇਸ਼ਾਂ ਨੀਵਾਂ ਦਿਖਾਇਆ ਗਿਆ।

ਮੈਨੂੰ ਹਮੇਸ਼ਾਂ ਅਹਿਸਾਸ ਕਰਵਾਇਆ ਗਿਆ ਕਿ ਮੈਂ ਘਟੀਆ ਹਾਂ।
ਮੈਂ ਨੀਚ ਹਾਂ।

ਮੈਨੂੰ ਹਮੇਸ਼ਾਂ ਨਾ-ਪਸੰਦ ਕੀਤਾ ਗਿਆ।
ਮੈਨੂੰ ਹਰ ਮੌਕੇ ਜਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ।

ਗੰਦੇ ਤੋਂ ਗੰਦੇ ਅਲਫਾਜ਼ ਬੋਲੇ ਗਏ ਹਮੇਸ਼ਾਂ ਮੇਰੇ ਲਈ।
ਹੋਰ ਤਾਂ ਹੋਰ ਮੈਨੂੰ ਬਹੁਤ ਜਿਆਦਾ ਕੁੱਟਿਆ ਮਾਰਿਆ ਵੀ ਗਿਆ।

ਮੈਨੂੰ ਅੱਗ ਲਾ ਕੇ ਸਾੜਨ ਦੀ ਵੀ ਕੋਸ਼ਿਸ਼ ਕੀਤੀ ਗਈ।
ਮੈਨੂੰ ਚਾਕੂਆਂ ਨਾਲ ਗੋਦ ਕੇ ਮਾਰਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੈਨੂੰ ਭਾਰੀ ਡੰਡਿਆਂ ਨਾਲ ਵੀ ਬੇਰਹਿਮੀ ਨਾਲ ਕੁੱਟਿਆ ਗਿਆ।
ਮੈਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਵੀ ਗਿਆ।

ਪੈਰਾਂ ਨਾਲ ਮੇਰੇ ਢਿੱਡ ਵਿੱਚ ਠੁੱਡ ਵੀ ਮਾਰੇ ਗਏ।
ਮੇਰੇ ਲੱਕ ਦੀ ਰੀੜ ਦੀ ਹੱਡੀ ਤੋੜਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੇਰੇ ਪੈਰ ਤੋੜਨ ਦੀ ਵੀ ਕੋਸ਼ਿਸ਼ ਕੀਤੀ ਗਈ।
ਮੈਨੂੰ ਜਹਿਰ ਵੀ ਦਿੱਤਾ ਗਿਆ।

ਨਸ਼ੇ ਦੀਆਂ ਗੋਲੀਆਂ ਦੇ ਕੇ ਵੀ ਪਾਗਲ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ।
ਮੇਰੇ ਨਾਲ ਇਹ ਸਭ ਮੇਰੇ ਆਪਣਿਆਂ ਨੇ ਕੀਤਾ।

ਕਦੇ ਮੇਰੇ ਮਾਂ ਪਿਓ ਨੇ ਕੀਤਾ, ਕਦੇ ਮੇਰੇ ਭੈਣ ਭਰਾ ਨੇ ਕੀਤਾ, ਕਦੇ ਮੇਰੇ ਸੋਹਰੇ ਪਰਿਵਾਰ ਨੇ ਕੀਤਾ, ਕਦੇ ਮੇਰੇ ਘਰਵਾਲੇ ਨੇ ਕੀਤਾ, ਕਦੇ ਮੇਰੇ ਸੱਜਣਾ ਮਿੱਤਰਾਂ ਨੇ ਵੀ ਕੀਤਾ।

ਹੋਰ ਤਾਂ ਹੋਰ ਮੇਰੀ ਔਲਾਦ ਨੂੰ ਵੀ ਮੇਰੇ ਖਿਲਾਫ ਭੜਕਾਇਆ ਗਿਆ ਤਾਂ ਜੋ ਬੁੜਾਪੇ ਦਾ ਆਸਰਾ ਵੀ ਮੇਰਾ ਨਾ ਰਹੇ।

ਬੇਸ਼ੱਕ ਮੈਂ ਸੁਚੱਜੀ ਹਾਂ, ਬੇਸ਼ੱਕ ਮੈਂ ਘਰੇਲੂ ਕੰਮਾਂ ਵਿੱਚ ਨਿਪੁੰਨ ਹਾਂ, ਬੇਸ਼ੱਕ ਮੈਂ ਪੜ੍ਹਾਈ ਵਿੱਚੋਂ ਹੁਸ਼ਿਆਰ ਹਾਂ, ਬੇਸ਼ੱਕ ਮੈਂ ਸੁਨੱਖੀ ਹਾਂ, ਬੇਸ਼ੱਕ ਮੇਰੀ ਬਾਣੀ ਬਹੁਤ ਮਿੱਠੀ ਹੈ, ਬੇਸ਼ੱਕ ਮੈਨੂੰ ਪਾਉਣ ਲਾਉਣ ਦਾ ਸੁਚੱਜ ਹੈ, ਬੇਸ਼ੱਕ ਮੈਨੂੰ ਬੈਠਣ ਖੜੋਣ ਦਾ ਸਲੀਕਾ ਹੈ, ਬੇਸ਼ੱਕ ਮੈਂ ਉੱਚ ਵਿਦਿਆ ਹਾਂਸਲ ਕਰ ਲਈ ਹੈ, ਬੇਸ਼ੱਕ ਮੈਂ ਆਏ ਗਏ ਨਾਲ ਸੋਹਣਾ ਵਿਚਰਦੀ ਹਾਂ, ਬੇਸ਼ੱਕ ਮੈਂ ਕੰਮ ਕਾਜੀ ਹਾਂ, ਬੇਸ਼ੱਕ ਮੈਂ ਲੱਖਾਂ ਰੁਪਏ ਕਮਾਉਂਦੀ ਹਾਂ ਪਰ ਫਿਰ ਵੀ ਮੈਂ ਸਭ ਦੀ ਨਫਰਤ ਦੀ ਪਾਤਰ ਹਾਂ।

ਕਿਉਂ ?
ਕਿਉਂਕਿ ਮੈਂ ਔਰਤ ਹਾਂ, ਮੈਂ ਸਭ ਦੀ ਗੁਲਾਮ ਹਾਂ।
ਮਾਂ ਪਿਓ ਦੀ ਗੁਲਾਮ ਹਾਂ, ਭੈਣ ਭਰਾ ਦੀ ਗੁਲਾਮ ਹਾਂ, ਘਰ ਵਾਲੇ ਦੀ ਗੁਲਾਮ ਹਾਂ, ਸਹੁਰੇ ਪਰਿਵਾਰ ਦੀ ਗੁਲਾਮ ਹਾਂ, ਰਿਸ਼ਤੇਦਾਰਾਂ ਦੀ ਗੁਲਾਮ ਹਾਂ, ਸੱਜਣਾ ਮਿੱਤਰਾਂ ਦੀ ਗੁਲਾਮ ਹਾਂ, ਆਪਣੇ ਨਾਲ ਕੰਮ ਕਾਜ ਕਰਨ ਵਾਲਿਆਂ ਦੀ ਗੁਲਾਮ ਹਾਂ, ਮੁਹਤਾਜ ਹਾਂ ਮੈਂ ਇਸ ਸਮਾਜ ਦੀ।

ਮੈਂ ਜਿਸ ਦੀ ਵੀ ਗੱਲ ਨਹੀਂ ਮੰਨੀ ਉਸਦੀਆਂ ਅੱਖਾਂ ਵਿੱਚ ਮੈਂ ਖਟਕਣ ਲੱਗ ਪਈ।

ਜਿਸ ਦੇ ਕਹੇ ਮੁਤਾਬਿਕ ਮੈਂ ਕੋਈ ਕੰਮ ਨਾ ਕੀਤਾ ਉਸਨੇ ਮੈਨੂੰ ਸਾਰੀ ਦੁਨੀਆ ਤੋਂ ਤੋੜਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ।

ਇਸ ਹੱਦ ਤੱਕ ਵੈਰ ਪੈ ਜਾਂਦਾ ਹੈ ਕਿ ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਕੋਈ ਵੀ ਮੈਨੂੰ ਨਾ ਬੁਲਾਏ।

ਕੋਈ ਵੀ ਮੇਰੇ ਨਾਲ ਸੰਪਰਕ ਨਾ ਕਰੇ, ਸਭ ਨਾਲ ਮੇਰੀ ਬੋਲ ਚਾਲ ਬੰਦ ਹੋ ਜਾਵੇ, ਮੈਂ ਇਕੱਲੀ ਰਹਿ ਜਾਵਾਂ।

ਮੈਨੂੰ ਇਕੱਲੀ ਦੇਖ ਕੇ ਵੀ ਖੁਸ਼ ਨਹੀਂ ਹੁੰਦੇ ਕਿਉਂਕਿ ਮੈਂ ਸੱਜਦੀ ਸਵਰਦੀ ਹਾਂ, ਮੈਂ ਹੱਸਦੀ ਖੇਡਦੀ ਹਾਂ, ਮੈਂ ਘੁੰਮਦੀ ਫਿਰਦੀ ਹਾਂ।

ਮੈਂ ਆਪਣੇ ਇਕੱਲੇਪਨ ਵਿੱਚ ਸਕੂਨ ਲੱਭ ਲਿਆ ਹੈ।
ਕਿਉਂਕਿ ਮੈਨੂੰ ਹਰ ਹੁਣ ਡਰ ਨਹੀਂ ਕੁਝ ਵੀ ਗਵਾਉਣ ਦਾ।
ਮੇਰੇ ਕੋਲ ਕੁਝ ਹੁਣ ਬਚਿਆ ਹੀ ਨਹੀਂ।
ਪਰ ਫਿਰ ਵੀ ਸ਼ਾਤਰ ਨਜ਼ਰਾਂ ਮੇਰੇ ਉੱਤੇ ਗੱਡੀਆਂ ਪਈਆਂ ਹਨ।
ਸ਼ਾਇਦ ਉਹਨਾਂ ਨੂੰ ਉਮੀਦ ਹੈ ਕਿੱਧਰੋਂ ਖੁਸ਼ੀਆਂ ਮੇਰੇ ਕੋਲ ਪਹੁੰਚ ਨਾ ਜਾਣ।
ਕੁਝ ਨਵੇਂ ਲੋਕ ਮੈਨੂੰ ਮੁਹੱਬਤ ਨਾ ਕਰ ਲੱਗ ਜਾਣ।
ਸਭ ਉਡੀਕ ਵਿੱਚ ਹਨ ਹੁਣ ਕੌਣ ਆਏਗਾ ਮੇਰੀ ਜ਼ਿੰਦਗੀ ਵਿੱਚ ਖੁਸ਼ੀਆਂ ਲੈ ਕੇ।

ਫਿਰ ਕਿਸ ਤਰ੍ਹਾਂ ਉਸਨੂੰ ਸਮਝਾਉਣਾ ਹੈ ਮੇਰੇ ਤੋਂ ਦੂਰ ਰਹਿਣ ਲਈ, ਮੈਨੂੰ ਛੱਡ ਕੇ ਚਲੇ ਜਾਣ ਲਈ, ਮੈਨੂੰ ਜਲੀਲ ਕਰਨ ਲਈ।

ਮੈਂ ਜਦੋਂ ਤੱਕ ਜਿੰਦਾ ਹਾਂ ਸਭ ਦੀਆਂ ਨਜ਼ਰਾਂ ਮੇਰੇ ਉੱਤੇ ਹੀ ਗੱਡੀਆਂ ਰਹਿਣੀਆਂ ਹਨ।

ਮੇਰੀ ਮੌਤ ਦਾ ਇੰਤਜ਼ਾਰ ਹੋ ਰਿਹਾ ਹੈ ਪਰ ਮੈਂ ਮਰ ਨਹੀਂ ਰਹੀ, ਮੈਨੂੰ ਮਰਦੀ ਨੂੰ ਦੇਖਣਾ ਚਾਹੁੰਦੇ ਹਨ ਸਭ।

ਮੈਂ ਪੜ੍ਹਾਂ ਲਿਖਾਂ ਪਰ ਆਪਣੇ ਮਾਂ ਪਿਓ ਨੂੰ ਪਰਾਊਡ ਫੀਲ ਕਰਵਾਉਣ ਲਈ।

ਮੈਂ ਸਜ਼ਾ ਸਵਰਾਂ ਪਰ ਆਪਣੇ ਘਰਵਾਲੇ ਦਾ ਇੱਕ ਸਟੇਟਸ ਸਿੰਬਲ ਬਣਾਉਣ ਲਈ।

ਮੈਂ ਕਮਾਈ ਕਰਾਂ ਪਰ ਸਿਰਫ ਘਰ ਦੇ ਜੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ।

ਜੇਕਰ ਇਹ ਸਭ ਮੈਂ ਆਪਣੇ ਲਈ ਸੋਚ ਕੇ ਕਰ ਰਹੀ ਹਾਂ ਤਾਂ ਮੈਂ ਗੁਨਾਹਗਾਰ ਹਾਂ।

ਮੈਂ ਸਜ਼ਾ ਦੀ ਹੱਕਦਾਰ ਹਾਂ।

ਅੱਜ ਦੇ ਸਮਾਜ ਵਿੱਚ ਵੀ ਬਹੁਤ ਸਾਰੀਆਂ ਔਰਤਾਂ ਇਹਨਾਂ ਹਾਲਾਤਾਂ ਵਿੱਚ ਹੀ ਜੀਅ ਰਹੀਆਂ ਹਨ।

ਔਰਤ ਹੋਣ ਦਾ ਖਮਿਆਜਾ ਭੁਗਤ ਰਹੀਆਂ ਹਨ।

ਪਰ ਉਨਾਂ ਸ਼ਖਸਿਅਤਾਂ ਉੱਪਰ ਮਾਣ ਹੈ ਜੋ ਔਰਤਾਂ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਅਤੇ ਸਾਰੇ ਹੱਕ ਦਿੰਦੇ ਹਨ।
ਉਹਨਾਂ ਦੀ ਕਦਰ ਕਰਦੇ ਹਨ।
ਉਹਨਾਂ ਦੇ ਵਜੂਦ ਨੂੰ ਸਮਝਦੇ ਹਨ।
ਉਹਨਾਂ ਨੂੰ ਕਦੇ ਇਕੱਲਾ ਨਹੀਂ ਛੱਡਦੇ।
ਉਹਨਾਂ ਦੀ ਅਹਿਮੀਅਤ ਨੂੰ ਸਮਝਦੇ ਹਨ।



**-ਰਸ਼ਿਪੰਦਰ ਕੌਰ ਗਿੱਲ**
ਸੰਸਥਾਪਕ ਅਤੇ ਪ੍ਰਧਾਨ
ਪੀਂਘਾਂ ਸੋਚ ਦੀਆਂ ਮੰਚ,
ਪਬਲੀਕੇਸ਼ਨ, ਮੈਗਜ਼ੀਨ,
+91-9888697078

## ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਤੇ ਡ੍ਰਾਈਵਿੰਗ ਲਾਇਸੈਂਸ ਸੇਵਾਵਾਂ ਬਾਰੇ ਕੀਤਾ ਜਾਗਰੂਕ

# ਜ਼ਿਲ੍ਹਾ ਟਰਾਂਸਪੋਰਟ ਦਫ਼ਤਰ ਵੱਲੋਂ ਸੁਤੰਤਰਤਾ ਸੰਗਰਾਮੀ ਜੱਥੇਦਾਰ ਕਰਤਾਰ ਸਿੰਘ ਦਰਵੇਸ਼ ਸਕੂਲ ਆਫ ਐਮੀਨੈਂਸ ਵਿਖੇ ਜਾਗਰੂਕਤਾ ਪ੍ਰੋਗਰਾਮ





**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਰੀਜਨਲ ਟਰਾਂਸਪੋਰਟ ਅਫਸਰ ਸ਼੍ਰੀ ਨਮਨ ਮਾਰਕਨ ਵਲੋਂ ਜਾਣਕਾਰੀ ਦਿੱਤੀ ਗਈ ਕਿ ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ 'ਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਅਤੇ ਸੁਰੱਖਿਆ ਸਬੰਧੀ ਸਿਖਲਾਈ ਦੇਣ ਲਈ ਅਧਿਕਾਰੀਆਂ ਦੀ ਡਿਊਟੀ ਤੈਅ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲ ਨਾਲ ਵਿਦਿਆਰਥੀਆਂ ਵਿਚ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧੇਗੀ ਅਤੇ ਭਵਿੱਖ ਵਿਚ ਉਹ ਜ਼ਿੰਮੇਵਾਰ ਡਰਾਈਵਰ ਸਾਬਤ ਹੋਣਗੇ। ਇਸੇ ਤਹਿਤ ਜ਼ਿਲ੍ਹਾ ਟਰਾਂਸਪੋਰਟ ਦਫ਼ਤਰ, ਸੰਗਰੂਰ ਵੱਲੋਂ ਸੁਤੰਤਰਤਾ ਸੰਗਰਾਮੀ ਜੱਥੇਦਾਰ ਕਰਤਾਰ ਸਿੰਘ ਦਰਵੇਸ਼ ਸਕੂਲ ਆਫ ਐਮੀਨੈਂਸ, ਸੰਗਰੂਰ ਵਿਖੇ ਵਿਦਿਆਰਥੀਆਂ ਲਈ ਟ੍ਰੈਫਿਕ ਸੁਰੱਖਿਆ ਅਤੇ ਡ੍ਰਾਈਵਿੰਗ ਲਾਇਸੈਂਸ ਸੇਵਾਵਾਂ ਬਾਰੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸ. ਕਰਨਬੀਰ ਸਿੰਘ ਅਤੇ ਸ. ਗੁਰਜੀਤ ਸਿੰਘ, ਸਹਾਇਕ ਰੀਜਨਲ ਟਰਾਂਸਪੋਰਟ ਅਫਸਰ, ਸੰਗਰੂਰ ਵੱਲੋਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਸੜਕ ਸੁਰੱਖਿਆ ਨਾਲ ਜੁੜੇ ਅਹਿਮ ਨਿਯਮਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਹਰ ਇਕ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਸੁਰੱਖਿਆ ਹੈਲਮਟ ਪਹਿਨਣਾ, ਸੀਟ ਬੈਲਟ ਲਗਾਉਣਾ, ਤੇਜ਼ ਰਫ਼ਤਾਰ ਅਤੇ ਮੋਬਾਈਲ ਵਰਤੋਂ ਤੋਂ ਬਚਣਾ ਹਰ ਡਰਾਈਵਰ ਲਈ ਅਤਿਅੰਤ ਜ਼ਰੂਰੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਵੀ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸੇਵਾ ਕੇਂਦਰ ਰਾਹੀਂ ਵੀ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੈਂਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੈਂਸ ਲਈ ਅਰਜ਼ੀ, ਲਰਨਰ ਲਾਇਸੈਂਸ ਵਿੱਚ ਪਤਾ ਬਦਲਣਾ, ਲਰਨਰ ਲਾਇਸੈਂਸ ਵਿੱਚ ਨਾਂ ਬਦਲਣਾ, ਲਰਨਰ ਲਾਇਸੈਂਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੈਂਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੈਂਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੈਂਸ ਦੀ ਬਦਲੀ, ਡਰਾਈਵਿੰਗ ਲਾਇਸੈਂਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੈਂਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੈਂਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੈਂਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੈਂਸ ਨਵਿਆਉਣਾ, ਲਰਨਰ ਲਾਇਸੈਂਸ ਦੀ ਮਿਆਦ ਵਧਾਉਣਾ ਦੀਆਂ ਸੇਵਾਵਾਂ ਸੇਵਾ ਕੇਂਦਰਾਂ ਤੋਂ ਲਈਆਂ ਜਾ ਸਕਦੀਆਂ ਹਨ। ਇਸ ਮੌਕੇ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ, ਜਿਨ੍ਹਾਂ ਨੇ ਟਰਾਂਸਪੋਰਟ ਵਿਭਾਗ ਦੀ ਇਸ ਪਹਿਲ ਦੀ ਸਰਾਹਨਾ ਕੀਤੀ।

# ਪਿੰਡ ਰਸੂਲਪੁਰ ਮੱਲ੍ਹਾ ਵਿਖੇ ਵਿਸ਼ਾਲ ਨਗਰ ਕੀਰਤਨ 2 ਨਵੰਬਰ ਦਿਨ ਐਤਵਾਰ ਨੂੰ

## ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ ਮਹਾਨ ਨਗਰ ਕੀਰਤਨ -(ਪ੍ਰਧਾਨ ਜੋਰਾ ਸਿੰਘ ਰਸੂਲਪੁਰ)



ਜਗਰਾਉਂ -(ਵਰਿਆਮ ਹਠੂਰ) ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਸੂਲਪੁਰ (ਮੱਲ੍ਹਾ) ਦੀ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਵੱਲੋਂ ਗੁਰਦੁਆਰਾ ਸੰਤੋਖਸਰ ਸਾਹਿਬ ਤੋਂ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ, ਜਾਣਕਾਰੀ ਦਿੰਦਿਆਂ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਦੇ ਪ੍ਰਧਾਨ ਜੋਰਾ ਸਿੰਘ ਰਸੂਲਪੁਰ ਨੇ ਕਿਹਾ ਕਿ 26 ਅਕਤੂਬਰ ਤੋਂ ਲੈ ਕੇ 1 ਨਵੰਬਰ ਤੱਕ ਪਿੰਡ ਵਿੱਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਅਤੇ ਧਾਰਮਿਕ ਸ਼ਬਦ ਗਾਇਨ ਕਰਕੇ ਅੰਮ੍ਰਿਤ ਵੇਲੇ ਭਰਵਾਤ ਫੇਰੀਆਂ ਕੀਤੀਆਂ ਜਾਣਗੀਆਂ, ਅਤੇ 2 ਨਵੰਬਰ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹਾਨ ਨਗਰ ਕੀਰਤਨ ਗੁਰਦੁਆਰਾ ਸੰਤੋਖਸਰ ਸਾਹਿਬ ਪਿੰਡ ਰਸੂਲਪੁਰ (ਮੱਲ੍ਹਾ) ਤੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ, ਪ੍ਰਧਾਨ ਸਰਦਾਰ ਜੋਰਾ ਸਿੰਘ ਰਸੂਲਪੁਰ ਨੇ ਅੱਗੇ ਕਿਹਾ ਕਿ ਮਹਾਨ ਨਗਰ ਕੀਰਤਨ ਵਿੱਚ ਪੰਥ ਦੇ ਮਹਾਨ ਢਾਡੀ ਮਨਵੀਰ ਸਿੰਘ ਪੋਵਿੰਡ ਢਾਡੀ ਕਲਾ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਅਤੇ ਗੁਰਦੁਆਰਾ ਮੈਹਦੇਆਣਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਰਾਜਾ ਰਸੂਲਪੁਰ ਵਾਲੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਭਰਨਗੇ, 24 ਅਕਤੂਬਰ ਨੂੰ ਗੁਰਦੁਆਰਾ ਸੰਤੋਖਸਰ ਸਾਹਿਬ ਵਿਖੇ ਸ਼੍ਰੀ ਸਹਿਜ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 5 ਨਵੰਬਰ ਦਿਨ ਬੁੱਧਵਾਰ ਨੂੰ ਪਾਏ ਜਾਣਗੇ ਭੋਗ ਤੋ ਬਾਅਦ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਦੇ ਮਹਾਨ ਕਵੀਸ਼ਰ ਭਾਈ ਜਗਤਾਰ ਸਿੰਘ ਧਾਂਦਰਾ ਕਵੀਸ਼ਰੀ ਕਲਾ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਇਸ ਤੇ ਸਾਰੇ ਸਮਾਗਮ ਨੂੰ ਲਾਈਵ ਟੈਲੀਕਾਸਟ ਕੀਤਾ ਜਾਵੇਗਾ,

# ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਦੀ ਭਾਰਤੀ ਹਕੂਮਤ ਜੁਆਬ ਤਲਬੀ ਕਰੇ : ਕਰਨੈਲ ਸਿੰਘ ਪੀਰ ਮੁਹੰਮਦ



ਚੰਡੀਗੜ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਸ਼ੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਹੈ ਕਿ ਸਮੇਂ-ਸਮੇਂ 'ਤੇ ਸਿੱਖਾਂ ਖਿਲਾਫ਼ ਨਫ਼ਰਤ ਫੈਲਾਉਣ ਲਈ ਸੋਸ਼ਲ ਮੀਡੀਆ 'ਤੇ ਸੋਚੇ-ਸਮਝੇ ਏਜੰਡੇ ਚਲਾਏ ਜਾਂਦੇ ਹਨ । ਸਿੱਖ ਜੇ ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰਨ ਜਾਂ ਲਿਖਣ, ਤਾਂ ਉਹਨਾਂ ਉੱਤੇ ਤੁਰੰਤ ਪਰਚੇ ਦਰਜ਼ ਹੋ ਜਾਂਦੇ ਹਨ, ਪਰ ਜਿਹੜੇ ਸਿੱਖਾਂ ਖਿਲਾਫ਼ ਨਫ਼ਰਤ ਤੇ ਜ਼ਿਹਰ ਫੈਲਾ ਰਹੇ ਹਨ, ਉਹਨਾਂ ਖਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ।ਪੀਰ ਮੁਹੰਮਦ ਨੇ ਦੋਸ਼ ਲਗਾਇਆ ਕਿ ਹੁਣ ਇਸੀ ਨਫ਼ਰਤੀ ਏਜੰਡੇ ਦੇ ਤਹਿਤ 'ਬੰਦੀ ਛੋੜ ਦਿਵਸ' ਵਰਗੇ ਸਿੱਖ ਪਵਿੱਤਰ ਤਿਉਹਾਰ ਖਿਲਾਫ਼ ਵੀ ਜ਼ਿਹਰ ਉਗਲਿਆ ਜਾ ਰਿਹਾ ਹੈ । ਜਿਹੜੇ ਤਿਉਹਾਰ ਖੁਸ਼ੀ, ਆਜ਼ਾਦੀ ਤੇ ਭਾਈਚਾਰੇ ਦੀ ਸਾਂਝ ਦੇ ਪ੍ਰਤੀਕ ਹਨ, ਉਹਨਾਂ ਨੂੰ ਫਿਰਕੂ ਨਫ਼ਰਤ ਦੀ ਨਿਗਾਹ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿਦੇਸ਼ ਤੇ ਵਿਦੇਸ਼ਾਂ ਦੇ ਨੇਤਾ ਜਦੋਂ ਸਿੱਖ ਭਾਈਚਾਰੇ ਨੂੰ 'ਬੰਦੀ ਛੋੜ ਦਿਵਸ' ਦੀਆਂ ਮੁਬਾਰਕਾਂ ਦੇ ਰਹੇ ਹਨ, ਉਹਨਾਂ 'ਤੇ ਨਫ਼ਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ — ਜੋ ਸਿਰਫ਼ ਸਿੱਖਾਂ ਨਹੀਂ, ਸਾਰੇ ਦੇਸ਼ ਦੀ ਸਾਂਝੀ ਸੱਭਿਆਚਾਰਕ ਰੂਹ ਦੇ ਖਿਲਾਫ਼ ਹਨ ।ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਮੁਲਕ ਭਰ ਵਿੱਚ ਸਿੱਖਾਂ ਪ੍ਰਤੀ ਅਜਿਹੀ ਨਫ਼ਰਤ ਫੈਲਾਈ ਜਾ ਰਹੀ ਹੈ ਜਿਹੜੀ ਉਨ੍ਹਾਂ ਖ਼ਿਲਾਫ਼ ਕਿਸੇ ਵੇਲੇ ਵੀ ਵੱਡੀ ਹਿੰਸਾ ਦਾ ਕਾਰਨ ਬਣ ਸਕਦੀ ਹੈ, ਸਗੋਂ ਵਿਦੇਸ਼ਾਂ ਵਿੱਚ ਵੀ ਇਹੋ ਜਿਹੇ ਨਫ਼ਰਤੀ ਪ੍ਰਚਾਰ ਨਾਲ ਮੁਲਕ ਦੇ ਅਕਸ 'ਤੇ ਮਾੜਾ ਅਸਰ ਪੈਂਦਾ ਹੈ । ਜਦੋਂ ਭਾਰਤ ਦਾ ਸਾਬਕਾ ਵਿਦੇਸ਼ ਸਕੱਤਰ ਬੰਦੀ ਛੋੜ ਦਿਵਸ ਪ੍ਰਤੀ ਇਹੋ ਜਿਹੀ ਘਟੀਆ ਟਿੱਪਣੀ ਕਰੇ ਤਾਂ ਇਹ ਵੱਡੇ ਦੁੱਖ ਦੀ ਗੱਲ ਹੈ । ਬਿਨਾਂ ਰੋਕ ਟੋਕ ਹੋ ਰਿਹਾ ਇਹ ਸਾਰਾ ਪ੍ਰਚਾਰ ਸਿੱਖਾਂ ਵਿੱਚ ਬੇਗਾਨਗੀ ਦੀ ਭਾਵਨਾ ਨੂੰ ਵਧਾਉਂਦਾ ਹੈ, ਜਦਕਿ ਪੁਰਾਣੇ ਜ਼ਖ਼ਮਾਂ ਤੇ ਮੱਲ੍ਹਮ ਲੱਗ ਨਹੀਂ ਰਹੀ ।ਦੁੱਖ ਦੀ ਗੱਲ ਹੈ ਕਿ ਇਸ ਨਫ਼ਰਤੀ ਮੁਹਿੰਮ 'ਤੇ ਵਿਦੇਸ਼ ਮੰਤਰਾਲਾ ਤੇ ਬਾਕੀ ਦੀ ਭਾਰਤ ਸਰਕਾਰ ਵੀ ਚੁੱਪ ਹੈ, ਇਸ ਦੇ ਨਾਲ ਹੀ ਪੰਜਾਬ ਸਰਕਾਰ ਦੀ ਚੁੱਪੀ ਵੀ ਇਹ ਦਰਸਾਉਂਦੀ ਹੈ ਕਿ ਉਹ ਸਿੱਖਾਂ ਖਿਲਾਫ਼ ਫੈਲਾਈ ਜਾ ਰਹੀ ਨਫ਼ਰਤ 'ਤੇ ਕਿੰਨੀ ਸਹਿਮਤ ਹੈ।

# ਪਿੰਡ ਰਸੂਲਪੁਰ ਮੱਲ੍ਹਾ ਵਿਖੇ ਵਿਸ਼ਾਲ ਨਗਰ ਕੀਰਤਨ 2 ਨਵੰਬਰ ਦਿਨ ਐਤਵਾਰ ਨੂੰ

## ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ ਮਹਾਨ ਨਗਰ ਕੀਰਤਨ -(ਪ੍ਰਧਾਨ ਜੋਰਾ ਸਿੰਘ ਰਸੂਲਪੁਰ)



ਜਗਰਾਉਂ -(ਵਰਿਆਮ ਹਠੂਰ) ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਸੂਲਪੁਰ (ਮੱਲ੍ਹਾ) ਦੀ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਵੱਲੋਂ ਗੁਰਦੁਆਰਾ ਸੰਤੋਖਸਰ ਸਾਹਿਬ ਤੋਂ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ, ਜਾਣਕਾਰੀ ਦਿੰਦਿਆਂ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਦੇ ਪ੍ਰਧਾਨ ਜੋਰਾ ਸਿੰਘ ਰਸੂਲਪੁਰ ਨੇ ਕਿਹਾ ਕਿ 26 ਅਕਤੂਬਰ ਤੋਂ ਲੈ ਕੇ 1 ਨਵੰਬਰ ਤੱਕ ਪਿੰਡ ਵਿੱਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਅਤੇ ਧਾਰਮਿਕ ਸ਼ਬਦ ਗਾਇਨ ਕਰਕੇ ਅੰਮ੍ਰਿਤ ਵੇਲੇ ਭਰਵਾਤ ਫੇਰੀਆਂ ਕੀਤੀਆਂ ਜਾਣਗੀਆਂ, ਅਤੇ 2 ਨਵੰਬਰ ਦਿਨ ਐਤਵਾਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹਾਨ ਨਗਰ ਕੀਰਤਨ ਗੁਰਦੁਆਰਾ ਸੰਤੋਖਸਰ ਸਾਹਿਬ ਪਿੰਡ ਰਸੂਲਪੁਰ (ਮੱਲ੍ਹਾ) ਤੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ, ਪ੍ਰਧਾਨ ਸਰਦਾਰ ਜੋਰਾ ਸਿੰਘ ਰਸੂਲਪੁਰ ਨੇ ਅੱਗੇ ਕਿਹਾ ਕਿ ਮਹਾਨ ਨਗਰ ਕੀਰਤਨ ਵਿੱਚ ਪੰਥ ਦੇ ਮਹਾਨ ਢਾਡੀ ਮਨਵੀਰ ਸਿੰਘ ਪੋਵਿੰਡ ਢਾਡੀ ਕਲਾ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਅਤੇ ਗੁਰਦੁਆਰਾ ਮੈਹਦੇਆਣਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਰਾਜਾ ਰਸੂਲਪੁਰ ਵਾਲੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਭਰਨਗੇ, 24 ਅਕਤੂਬਰ ਨੂੰ ਗੁਰਦੁਆਰਾ ਸੰਤੋਖਸਰ ਸਾਹਿਬ ਵਿਖੇ ਸ਼੍ਰੀ ਸਹਿਜ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 5 ਨਵੰਬਰ ਦਿਨ ਬੁੱਧਵਾਰ ਨੂੰ ਪਾਏ ਜਾਣਗੇ ਭੋਗ ਤੋ ਬਾਅਦ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਦੇ ਮਹਾਨ ਕਵੀਸ਼ਰ ਭਾਈ ਜਗਤਾਰ ਸਿੰਘ ਧਾਂਦਰਾ ਕਵੀਸ਼ਰੀ ਕਲਾ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਇਸ ਤੇ ਸਾਰੇ ਸਮਾਗਮ ਨੂੰ ਲਾਈਵ ਟੈਲੀਕਾਸਟ ਕੀਤਾ ਜਾਵੇਗਾ।

ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਗ੍ਰੇਟਰ ਕੈਲਾਸ਼ ਦਿੱਲੀ ਤੋਂ ਅਗਲੇ ਪੜਾਅ

# ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਗੀਤਾ ਕਾਲੋਨੀ ਦਿੱਲੀ ਲਈ ਰਵਾਨਾ





**ਦਿੱਲੀ, 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟਰ ਕੈਲਾਸ਼ ਦਿੱਲੀ ਤੋਂ ਅਗਲੇ ਪੜਾਅ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਗੀਤਾ ਕਾਲੋਨੀ ਦਿੱਲੀ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ 'ਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵੰਬਰ ਮਹੀਨੇ ਹੋ ਰਹੇ ਸ਼ਤਾਬਦੀ ਸਮਾਗਮਾਂ ਸਮੇਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਨਗਰ ਕੀਰਤਨ ਦੀ ਰਵਾਨਗੀ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ ਅਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨੇ ਸ਼ਰਧਾ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ 'ਤੇ ਫੁੱਲਾਂ ਦੀ ਵਰਖਾ ਕਰਕੇ ਗੁਰੂ ਸਾਹਿਬ ਪ੍ਰਤੀ ਸਤਿਕਾਰ ਭੇਟ ਕੀਤਾ ਗਿਆ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਤੇ ਸ. ਮਨਜੀਤ ਸਿੰਘ ਜੀਕੇ, ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਮਿੰਦਰ ਸਿੰਘ ਮਠਾਰੂ, ਸ. ਹਰਮਨਜੀਤ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਵਧੀਕ ਮੈਨੇਜਰ ਸ. ਜਸਬੀਰ ਸਿੰਘ, ਸ. ਜਤਿੰਦਰ ਸਿੰਘ ਸਾਹਨੀ, ਸ. ਸਤਨਾਮ ਸਿੰਘ ਖਾਲਸਾ, ਸ. ਗੁਲਸ਼ਨਬੀਰ ਸਿੰਘ ਪ੍ਰਧਾਨ, ਐਸ ਸੀ ਬਿੰਦਰਾ, ਸ. ਹਰਜੀਤ ਸਿੰਘ, ਸ. ਪਰਮਜੀਤ ਸਿੰਘ, ਸ. ਸਤਬੀਰ ਸਿੰਘ ਠਕੁਰਾਲ, ਸ. ਕਵਲਨੈਨ ਸਿੰਘ ਅਨੰਦ, ਸੁਪਰਵਾਈਜ਼ਰ ਸ. ਦਰਸ਼ਨ ਸਿੰਘ, ਸ. ਭੁਪਿੰਦਰ ਸਿੰਘ, ਸ. ਮੋਹਨਦੀਪ ਸਿੰਘ, ਸ. ਮਿਲਖਾ ਸਿੰਘ, ਸ. ਹਰਪ੍ਰੀਤ ਸਿੰਘ ਜੰਡਿਆਲਾ, ਮੀਤ ਮੈਨੇਜਰ ਸ. ਅਮਰਜੀਤ ਸਿੰਘ, ਸ. ਜਗਦੀਪ ਸਿੰਘ ਮਾਛੀਨੰਗਲ, ਸਿੱਖ ਮਿਸ਼ਨ ਦਿੱਲੀ ਦੇ ਇੰਚਾਰਜ ਸ. ਮਨਵੀਤ ਸਿੰਘ, ਸ. ਜਸਬੀਰ ਸਿੰਘ ਜੱਸੀ, ਰਾਜਿਸਥਾਨ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਜਰਨੈਲ ਸਿੰਘ, ਸਿੱਖ ਮਿਸ਼ਨ ਮੱਧ ਪ੍ਰਦੇਸ਼ ਦੇ ਇੰਚਾਰਜ ਸ. ਬਲਦੇਵ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਬ-ਡਵੀਜ਼ਨ ਭਵਾਨੀਗੜ੍ਹ ਵਿੱਚ ਮਿਤੀ 01.10.2025 ਤੋਂ 22.10.2025 ਤਕ ਐਨ.ਡੀ.ਪੀ.ਐਸ ਐਕਟ ਅਧੀਨ ਕੁੱਲ 03 ਮੁਕੱਦਮੇ ਦਰਜ; 03 ਮੁਲਜ਼ਮ ਗ੍ਰਿਫਤਾਰ

# ਆਬਕਾਰੀ ਐਕਟ ਅਧੀਨ ਕੁੱਲ 03 ਮੁਕੱਦਮੇ ਦਰਜ; 03 ਮੁਲਜ਼ਮ ਗ੍ਰਿਫਤਾਰ



**ਭਵਾਨੀਗੜ੍ਹ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਨਸ਼ਾ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸ੍ਰ. ਸਰਤਾਜ ਸਿੰਘ ਚਾਹਲ, ਜ਼ਿਲ੍ਹਾ ਪੁਲਿਸ ਮੁਖੀ, ਸੰਗਰੂਰ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਰਾਹੁਲ ਕੌਸ਼ਲ, ਪੀ.ਪੀ.ਐਸ., ਉਪ ਕਪਤਾਨ ਪੁਲਿਸ ਸਬ-ਡਵੀਜ਼ਨ ਭਵਾਨੀਗੜ੍ਹ ਵੱਲੋਂ ਦੱਸਿਆ ਗਿਆ ਕਿ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿਮ ਅਤੇ ਇਲਾਕੇ ਵਿੱਚ ਅਮਨ ਸ਼ਾਂਤੀ ਬਹਾਲ ਰੱਖਣ ਲਈ ਸਬ-ਡਵੀਜ਼ਨ ਭਵਾਨੀਗੜ੍ਹ ਅਧੀਨ ਆਉਂਦੇ ਥਾਣਾ ਭਵਾਨੀਗੜ੍ਹ, ਪੁਲਿਸ ਚੌਕੀ ਘਰਾਚੋਂ, ਪੁਲਿਸ ਚੌਕੀ ਕਾਲਾਝਾੜ ਅਤੇ ਪੁਲਿਸ ਚੌਕੀ ਜੌਲੀਆਂ ਦੀ ਪੁਲਿਸ ਵੱਲੋਂ ਮਿਤੀ 01.10.2025 ਤੋਂ 22.10.2025 ਤਕ ਐਨ.ਡੀ.ਪੀ.ਐਸ ਐਕਟ ਅਧੀਨ ਕੁੱਲ 03 ਮੁਕੱਦਮੇ ਦਰਜ ਕਰਨ ਉਪਰੰਤ 03 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਉਹਨਾ ਪਾਸੋਂ 13 ਕਿਲੋ 500 ਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਦੇ ਨਾਲ ਹੀ ਆਬਕਾਰੀ ਐਕਟ ਅਧੀਨ ਕੁੱਲ 03 ਮੁਕੱਦਮੇ ਦਰਜ ਕਰਨ ਉਪਰੰਤ 03 ਕਥਿਤ ਦੋਸ਼ੀਆਨ ਨੂੰ ਗ੍ਰਿਫਤਾਰ ਕਰ ਕੇ ਉਹਨਾ ਪਾਸੋਂ 60 ਬੋਤਲਾਂ ਸ਼ਰਾਬ ਹਰਿਆਣਾ ਬ੍ਰਾਮਦ ਕਰਵਾਉਣ ਵਿੱਚ ਸਫਤਲਾ ਹਾਸਲ ਕੀਤੀ ਗਈ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਸਮੱਗਲਰਾਂ/ਪੈਡਲਰਾਂ ਵਿਰੁੱਧ ਕਾਰਵਾਈ ਕਰਦੇ ਹੋਏ 03 ਪੈਡਲਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਇਲਾਕਾ ਸਬ-ਡਵੀਜ਼ਨ ਭਵਾਨੀਗੜ੍ਹ ਦੇ ਪਿੰਡ/ਮੁਹੱਲਾ/ਵਾਰਡ ਪੱਧਰ ਉੱਪਰ ਐਮ.ਸੀ/ਪੰਚਾਇਤੀ ਅਤੇ ਹੋਰ ਮੋਹਤਬਰ ਵਿਅਕਤੀਆਂ ਵਾ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਾ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਕਰ ਕੇ ਉਹਨਾਂ ਦੀ ਪਛਾਣ ਨੂੰ ਗੁਪਤ ਰੱਖਦੇ ਹੋਏ ਉਹਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਸਰਕਾਰ ਵੱਲੋਂ ਚਲਾਏ ਜਾ ਰਹੇ ਓਟ ਸੈਂਟਰਾਂ ਵਿੱਚ ਰਜਿਸਟਰ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ ਕੁੱਲ 14 ਵਿਅਕਤੀਆਂ ਨੂੰ ਚੈੱਕ ਕਰਨ ਉਪਰੰਤ ਦਵਾਈ ਦਿੱਤੀ ਗਈ ਅਤੇ 02 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਇਸ ਤੋਂ ਇਲਾਵਾ ਇਲਾਕਾ ਸਬ-ਡਵੀਜ਼ਨ ਭਵਾਨੀਗੜ੍ਹ ਵਿੱਚ 04 ਕੈਸੋ ਅਪ੍ਰੇਸ਼ਨ ਕੀਤੇ ਗਏ ਹਨ ਅਤੇ ਰੋਜ਼ਾਨਾ ਨਸ਼ੇ ਤੋਂ ਪ੍ਰਭਾਵਿਤ ਪਿੰਡਾਂ/ਵਾਰਡਾਂ ਵਿੱਚ ਰੇਡਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਆਮ ਪਬਲਿਕ ਨੂੰ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਦਾ ਸਾਥ ਦੇਣ ਲਈ ਉਤਸ਼ਾਹਿਤ/ਪ੍ਰੇਰਿਤ ਕਰਨ ਲਈ ਵੱਖ-ਵੱਖ ਪਿੰਡਾਂ ਵਿੱਚ ਪੁਲਿਸ ਵੱਲੋਂ 22 ਪਬਲਿਕ ਮੀਟਿੰਗਾਂ ਕੀਤੀਆਂ ਗਈਆਂ ਹਨ, ਜਿੱਥੇ ਲੋਕਾਂ ਨੂੰ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਸ਼ੱਕੀ ਗਤੀਵਿਧੀਆਂ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਬਾਰੇ ਪ੍ਰੇਰਿਤ ਕੀਤਾ ਗਿਆ। ਅਮਨ ਕਾਨੂੰਨ ਬਹਾਲ ਰੱਖਣ ਸਬੰਧੀ ਪੁਲਿਸ ਵੱਲੋ ਠੋਸ ਕਦਮ ਚੁੱਕੇ ਜਾ ਰਹੇ ਹਨ। ਇਲਾਕੇ ਵਿੱਚ ਗਸ਼ਤਾਂ ਅਤੇ ਪੈਟਰੋਲਿੰਗ ਅਤੇ ਅਚਨਚੇਤ ਕੀਤੇ ਜਾਂਦੇ ਕੈਸੋ ਆਪ੍ਰੇਸ਼ਨ ਉਲੀਕ ਕੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਭਵਿੱਖ ਵਿੱਚ ਵੀ ਮਾੜੇ ਅਨਸਰਾਂ 'ਤੇ ਸਖਤ ਨਿਗਰਾਨੀ ਰੱਖ ਕੇ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੇ ਹੋਏ ਇਲਾਕੇ ਨੂੰ ਨਸਾਂ ਮੁਕਤ ਬਣਾਉਣ ਸਬੰਧੀ ਕੋਸ਼ਿਸ਼ ਜਾਰੀ ਰੱਖੀ ਜਾਵੇਗੀ ਅਤੇ ਇਲਾਕੇ ਵਿੱਚ ਅਮਨ ਸਾਂਤੀ ਹਰ ਹਾਲਤ ਵਿੱਚ ਬਹਾਲ ਰੱਖੀ ਜਾਵੇਗੀ।

**13 ਕਿਲੋ 500 ਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ**

ਆਵਾਜ਼ਿ ਕੌਮ AWAZE QAUM International Newspaper & WEB TV

# ਮੁੱਖ ਮੰਤਰੀ ਸਹਾਇਤਾ ਕੇਂਦਰ 'ਚ ਲੇਬਰ ਕਾਰਡ ਬਣਾਉਣ ਲਈ ਲਗਾਇਆ ਵਿਸ਼ੇਸ਼ ਕੈਂਪ

☛ ਲੋਕਾਂ ਨੂੰ ਘਰਾਂ ਦੇ ਨੇੜੇ ਸੇਵਾਵਾਂ ਪ੍ਰਦਾਨ ਕਰਨ 'ਚ ਸਹਾਈ ਹੋ ਰਿਹੈ ਮੁੱਖ ਮੰਤਰੀ ਸਹਾਇਤਾ ਕੇਂਦਰ ☛ ਧੂਰੀ ਸ਼ਹਿਰ ਅੰਦਰ ਬਣੇ ਸਹਾਇਤਾ ਕੇਂਦਰ ਸਦਕਾ ਕੰਮ ਕਰਵਾਉਣ 'ਚ ਹੋਈ ਆਸਾਨੀ: ਲਾਭਪਾਤਰੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਲਈ ਅਸਰਦਾਰ, ਪਾਰਦਰਸ਼ੀ ਅਤੇ ਪਹੁੰਚਯੋਗ ਸ਼ਾਸਨ ਯਕੀਨੀ ਬਣਾਉਣ ਲਈ ਬਣਾਏ ਗਏ 'ਮੁੱਖ ਮੰਤਰੀ ਸਹਾਇਤਾ ਕੇਂਦਰ' ਦਾ ਸਥਾਨਕ ਲੋਕਾਂ ਨੂੰ ਵੱਡਾ ਲਾਭ ਹੋ ਰਿਹਾ ਹੈ। ਅੱਜ ਇੱਥੇ ਵਿਸ਼ੇਸ਼ ਤੌਰ 'ਤੇ ਲੇਬਰ ਵਰਕਰਾਂ ਲਈ ਲੇਬਰ ਕਾਰਡ ਬਣਾਉਣ ਲਈ ਕੈਂਪ ਲਗਾਇਆ ਗਿਆ, ਜਿਸ ਦਾ ਵੱਡੀ ਗਿਣਤੀ ਲੋਕਾਂ ਵੱਲੋਂ ਲਾਭ ਉਠਾਇਆ ਗਿਆ। ਆਪਣੇ ਲੇਬਰ ਕਾਰਡ ਦਾ ਫਾਰਮ ਭਰਵਾਉਣ ਆਏ ਲੇਬਰ ਵਰਕਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫਾਰਮ ਭਰਨ ਲਈ ਸ਼ੁਰੂ ਕੀਤੀ ਗਈ ਸੇਵਾ ਦਾ ਘੱਟ ਪੜ੍ਹੇ ਲਿਖੇ ਤੇ ਅਨਪੜ੍ਹ ਵਿਅਕਤੀਆਂ ਸਮੇਤ ਕੰਪਿਊਟਰ ਆਦਿ ਦਾ ਗਿਆਨ ਨਾ ਰੱਖਣ ਵਾਲਿਆਂ ਨੂੰ ਵੱਡਾ ਲਾਭ ਹੋਇਆ ਹੈ। ਉਨ੍ਹਾਂ ਦੱਸਿਆ ਕਿ 'ਮੁੱਖ ਮੰਤਰੀ ਸਹਾਇਤਾ ਕੇਂਦਰ' ਵਿੱਚ ਕੋਈ ਵੀ ਸਰਕਾਰੀ ਸੇਵਾ ਪ੍ਰਾਪਤ ਕਰਨ ਦਾ ਫਾਰਮ ਮਾਹਰਾਂ ਵੱਲੋਂ ਭਰ ਕੇ ਦੇ ਦਿੱਤਾ ਜਾਂਦਾ ਹੈ, ਜਿਸ ਸਦਕਾ ਆਮ ਲੋਕਾਂ ਦੀ ਸਰਕਾਰੀ ਦਫ਼ਤਰਾਂ ਵਿੱਚ ਖੱਜਲ ਖ਼ੁਆਰੀ ਖ਼ਤਮ ਹੋ ਜਾਂਦੀ ਹੈ। ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਮਈ ਮਹੀਨੇ ਵਿੱਚ ਇਹ ਕੇਂਦਰ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਸੀ, ਜਿਸ ਦਾ ਰੋਜ਼ਾਨਾ ਵੱਡੀ ਗਿਣਤੀ ਲੋਕ ਲਾਭ ਉਠਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵਿੱਚ ਛੇ ਕਾਊਂਟਰ ਅਤੇ ਇੱਕ ਰਿਸੈਪਸ਼ਨ ਡੈਸਕ ਹਨ। ਉਨ੍ਹਾਂ ਦੱਸਿਆ ਕਿ ਇੱਥੇ ਸਿਹਤ, ਮਾਲ, ਸਮਾਜਿਕ ਸੁਰੱਖਿਆ, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਸਮੇਤ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਦਫ਼ਤਰੀ ਸਮੇਂ ਦੌਰਾਨ ਤਾਇਨਾਤ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਪੈਨਸ਼ਨ ਸਕੀਮਾਂ, ਆਯੁਸ਼ਮਾਨ ਭਾਰਤ ਯੋਜਨਾ, ਅਸ਼ੀਰਵਾਦ ਯੋਜਨਾ, ਲੇਬਰ ਕਾਰਡ, ਆਧਾਰ ਕਾਰਡ ਅੱਪਡੇਟ ਅਤੇ ਹੋਰ ਬਹੁਤ ਸਾਰੀਆਂ ਸਕੀਮਾਂ ਲਈ ਫਾਰਮ ਭਰਨ ਪ੍ਰਕਿਰਿਆ ਇਸ ਕੇਂਦਰ ਵਿੱਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਂਝ ਕੇਂਦਰਾਂ ਰਾਹੀਂ ਪਾਸਪੋਰਟ ਜਾਰੀ ਕਰਨ, ਚਰਿੱਤਰ ਸਰਟੀਫਿਕੇਟ, ਐਫ.ਆਈ.ਆਰ., ਡੀ.ਡੀ.ਆਰ. ਦੀਆਂ ਕਾਪੀਆਂ ਅਤੇ ਲਾਊਡਸਪੀਕਰਾਂ ਅਤੇ ਸਮਾਗਮਾਂ ਲਈ ਐਨ.ਓ.ਸੀ. ਵਰਗੀਆਂ ਸੇਵਾਵਾਂ ਨਾਲ ਸਬੰਧਤ ਦਸਤਾਵੇਜ਼ ਤਿਆਰ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਅੱਜ ਤੋਂ

## 168 ਯੂਨੀਵਰਸਿਟੀਆਂ ਦੇ 1400 ਤੋਂ ਵੱਧ ਤੀਰ-ਅੰਦਾਜ਼ ਜੁੜਨਗੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤੀਰਅੰਦਾਜ਼ੀ ਮਹਾਂ-ਕੁੰਭ 'ਚ



ਤਲਵੰਡੀ ਸਾਬੋ, 23 ਅਕਤੂਬਰ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਮਿਤੀ 24 ਅਕਤੂਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਨੇ ਦੱਸਿਆ ਕਿ ਅੱਠ ਦਿਨ ਚੱਲਣ ਵਾਲੀ ਚੈਂਪੀਅਨਸ਼ਿਪ ਵਿੱਚ ਭਾਰਤ ਦੀਆਂ 168 ਯੂਨੀਵਰਸਿਟੀਆਂ ਦੇ 1400 ਤੋਂ ਵੱਧ ਤੀਰਅੰਦਾਜ਼ 99 ਤਗਮਿਆਂ ਤੇ ਨਿਸ਼ਾਨਾ ਲਾਉਣਗੇ। ਉਨ੍ਹਾਂ ਦੱਸਿਆ ਕਿ ਜੀ.ਕੇ.ਯੂ ਦੇ ਡਾਇਰੈਕਟੋਰੇਟ ਆਫ਼ ਸਪੋਰਟਸ ਵੱਲੋਂ 2022 ਤੋਂ ਸਫਲਤਾਪੂਰਵਰਕ ਆਯੋਜਿਤ ਕੀਤੀਆਂ ਗਈਆਂ ਚੈਂਪੀਅਨਸ਼ਿਪ ਅਤੇ ਸ਼ਾਨਦਾਰ ਪ੍ਰਬੰਧਨ ਨੂੰ ਮੱਦੇਨਜ਼ਰ ਰੱਖਦੇ ਹੋਏ ਏ.ਆਈ.ਯੂ. ਵੱਲੋਂ ਇਸ ਦੀ ਮੇਜ਼ਬਾਨੀ ਜੀ.ਕੇ.ਯੂ. ਨੂੰ ਸੌਂਪੀ ਗਈ ਹੈ। ਜਿਸ ਦੇ ਪ੍ਰਬੰਧਨ ਲਈ ਯੂਨੀਵਰਸਿਟੀ ਦੇ ਸਮੂਹ ਅਧਿਕਾਰੀਆਂ, ਖਿਡਾਰੀਆਂ, ਕੋਚ ਅਤੇ ਸਟਾਫ ਵੱਲੋਂ ਪੂਰੀ ਤਿਆਰੀ ਕਰ ਲਈ ਗਈ ਹੈ। ਪਹਿਲੇ ਦਿਨ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੋ. (ਡਾ.) ਰਾਜ ਕੁਮਾਰ ਸ਼ਰਮਾ ਡਾਇਰੈਕਟਰ ਆਫ਼ ਸਪੋਰਟਸ ਨੇ ਦੱਸਿਆ ਕਿ ਚੈਂਪੀਅਨਸ਼ਿਪ ਦਾ ਆਗਾਜ਼ ਮੁੱਖ ਮਹਿਮਾਨ ਪਦਮ ਸ਼੍ਰੀ, ਅਰਜੁਨ ਅਵਾਰਡੀ ਹਰਵਿੰਦਰ ਸਿੰਘ ਧੰਜੂ ਵੱਲੋਂ ਕੀਤਾ ਜਾਵੇਗਾ। ਇਸ ਮੌਕੇ, ਦਰੋਣਾਚਾਰਿਆ ਅਵਾਰਡੀ ਜੀਵਨਜੋਤ ਸਿੰਘ ਤੇਜਾ, ਡਾਇਰੈਕਟਰ ਟ੍ਰੇਨਿੰਗ ਐਂਡ ਕਰੀਕੁਲਮ ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਚੈਂਪੀਅਨਸ਼ਿਪ ਦੇ ਮਸ਼ਾਲ ਆਯੋਜਨ ਦੀ ਅਗਵਾਈ ਵਿਸ਼ਵ ਯੂਨੀਵਰਸਿਟੀ ਖੇਡਾਂ ਦੇ ਸੋਨ ਪਦਕ ਜੇਤੂ, ਖ਼ੁਸ਼ਹਾਲ ਦਲਾਲ, ਅਰਜੁਨ ਅਵਾਰਡੀ ਅਦਿਤੀ ਗੋਪੀ ਚੰਦ ਤੇ ਓਜਸ ਪਰਵੀਨ ਡਿਉਟੇਲ, ਜੀ.ਕੇ.ਯੂ. ਦੀ ਖਿਡਾਰਣ ਭਜਨ ਕੌਰ ਓਲੰਪੀਅਨ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਜੀ.ਕੇ.ਯੂ. ਦੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਖਿਡਾਰੀਆਂ ਵੱਲੋਂ ਪੇਸ਼ ਕੀਤਾ ਜਾਣ ਵਾਲਾ ਸੱਭਿਆਚਾਰਕ ਪ੍ਰੋਗਰਾਮ ਅਤੇ ਭੰਗੜਾ ਦਰਸ਼ਕਾਂ ਦੇ ਆਕਰਸ਼ਣ ਦਾ ਕੇਂਦਰ ਰਹੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰ ਹਰਦੇਵ ਸਿੰਘ ਫਨਾਇਸਰ ਬਾਸਰਪੁਰ ਬਟਾਲਾ ਦੇ ਗ੍ਰਹਿ ਵਿਖੇ ਗੁਰਮਤਿ ਸਮਾਗਮ ਵਿੱਚ

# ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਅਤੇ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਭਰੀ ਹਾਜ਼ਰੀ















ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਸਰਦਾਰ ਹਰਦੇਵ ਸਿੰਘ ਬਾਸਰਪੁਰ ਬਜਾਜ ਫਨਾਇਸਰ ਵਾਲਿਆਂ ਦੇ ਗ੍ਰਹਿ ਵਿਖੇ ਗੁਰਮਤਿ ਸਮਾਗਮ ਹੋਇਆ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਵਾ ਕੇ ਉਪਰੰਤ ਦੀਵਾਨ ਸਜਾਏ ਗਏ ਰਾਗੀ ਸਿੰਘਾਂ ਵੱਲੋਂ ਮਨੋਹਰ ਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਕਥਾ ਰਾਹੀ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਇਸ ਤੋਂ ਬਾਅਦ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕੀਤੀਆਂ। ਸੰਗਤਾਂ ਨੂੰ ਅੰਮ੍ਰਿਤ ਛਕਣ ਕੇ ਗੁਰੂ ਵਾਲੇ ਬਨਣ ਲਈ ਬੇਨਤੀ ਕੀਤੀ । ਬਹੁਤ ਸਾਰੀਆਂ ਸੰਗਤਾਂ ਨੇ ਹਾਜਰੀ ਭਰੀ। ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਰਦਾਰ ਹਰਦੇਵ ਸਿੰਘ ਜੀ ਵੱਲੋਂ ਪਹੁੰਚੇ ਸਮੂਹ ਪਤਵੰਤਿਆਂ ਦਾ ਸਿਰਪਾਉ ਦੇ ਕੇ ਸਨਮਾਨ ਕੀਤਾ ਗਿਆ ਤੇ ਪਹੁੰਚੀਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ। ਇਸ ਮੌਕੇ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ , ਭਾਈ ਬਲਬੀਰ ਸਿੰਘ ਜੀ ਲੱਧਾ ਮੁੰਡਾ ਜਿਲਾ ਪ੍ਰਧਾਨ ਗੁਰਦਾਸਪੁਰ ਕਿਸਾਨ ਵਿੰਗ, ਸ੍ਰ ਜੁਗਰਾਜ ਸਿੰਘ, ਸ੍ਰ ਜੋਬਨਪ੍ਰੀਤ ਸਿੰਘ, ਸ੍ਰ ਇੰਦਰਬੀਰ ਸਿੰਘ, ਵਿੱਕੀ, ਡਾਕਟਰ ਕਰਨ ਸਿੰਘ, ਨਾਨਕ ਸਿੰਘ ਸਾਬਕਾ ਸਰਪੰਚ ਬਾਸਰਪੁਰ, ਕੁਲਦੀਪ ਸਿੰਘ ਸਾਬਕਾ ਸਰਪੰਚ ਗਰਾਇਆ ਕੋਟ ਅਤੇ ਹੋਰ ਬੇਅੰਤ ਪਤਵੰਤੇ ਤੇ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

113 ਸਾਲ ਲੰਬਾ ਸਮਾਂ ਸਿੱਖੀ ਕਮਾਉਣ ਵਾਲੇ

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ



113 ਸਾਲ ਲੰਬਾ ਸਮਾਂ ਸਿੱਖੀ ਕਮਾਉਣ ਵਾਲੇ, ਪੰਜ ਪਾਤਿਸ਼ਾਹੀਆਂ ਨੂੰ ਗੁਰਤਾਗੱਦੀ ਨੂੰ ਤਿਲਕ ਲਗਾਉਣ ਵਾਲੇ ਅਤੇ ਛੇ ਪਾਤਿਸ਼ਾਹੀਆਂ ਦੇ ਦਰਸ਼ਨ ਕਰਨ ਵਾਲੇ ਬ੍ਰਹਿਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ 22 ਅਕਤੂਬਰ 1506 ਈਸਵੀ ਨੂੰ ਪਿਤਾ ਭਾਈ ਸੁੱਖੇ ਰੰਧਾਵੇ ਜੀ ਅਤੇ ਮਾਤਾ ਮੌਰਾਂ ਜੀ ਦੇ ਘਰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਮਾਤਾ ਪਿਤਾ ਨੇ, ਉਨ੍ਹਾਂ ਦਾ ਨਾਂਅ ਬੂੜਾ ਰੱਖਿਆ ਅਤੇ ਪਿੰਡ ਦੇ ਲੋਕ ਬਚਪਨ ਵਿਚ ਉਨ੍ਹਾਂ ਨੂੰ ਬੂੜਾ ਕਹਿੰਦੇ ਸਨ। ਸੰਨ 1518 ਈਸਵੀ ਵਿਚ ਬੂੜਾ ਦੀ ਉਮਰ 12 ਸਾਲ ਦੀ ਸੀ ਅਤੇ ਉਹ ਮੱਝਾਂ ਚਾਰ ਰਹੇ ਸਨ ਅਤੇ ਪਹਿਲੀ ਵਾਰ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ ਨੂੰ ਪਿੰਡ ਰਮਦਾਸ ਦੀ ਹੱਦ ਤੇ ਮਿਲੇ ਅਤੇ ਉਸ ਸਮੇਂ ਭਾਈ ਮਰਦਾਨਾ ਵੀ ਨਾਲ ਸਨ। ਗੁਰੂ ਨਾਨਕ ਦੇਵ ਜੀ ਜਿਵੇਂ ਹੀ ਸਾਂਈ ਦਾ ਕੀਰਤਨ ਕੀਤਾ ਅਤੇ ਉਸ ਵੇਲੇ ਬਾਲ ਬੂੜਾ ਦੇ ਮਨ ਨੂੰ ਟੁੰਬਿਆ। ਉਹ ਆਪਣੇ ਘਰ ਗਿਆ ਅਤੇ ਆਪਣੀ ਮਾਂ ਨੂੰ ਕਹਿਣ ਲੱਗਾ ਕਿ ਮਾਂ ਅੱਜ ਜੰਗਲ ਵਿਚ ਰੱਬ ਦਾ ਪਿਆਰਾ ਆਇਆ ਹੈ ਅਤੇ ਉਨ੍ਹਾਂ ਦੇ ਮੁੱਖ ਵਿਚੋਂ ਅੰਮ੍ਰਿ ਬਾਣੀ ਨਿੱਕਲ ਰਹੀ ਹੈ। ਮਾਂ ਮੈਂ ਦੁੱਧ ਨਾਲ ਉਨ੍ਹਾਂ ਦੀ ਸੇਵਾ ਕਰਨੀ ਹੈ। ਦੁੱਧ ਲੈ ਕੇ ਜਦ ਬੂੜਾ ਜੀ ਗੁਰੂ ਨਾਨਕ ਦੇਵ ਜੀ ਸਾਹਮਣੇ ਆਏ ਤਾਂ ਉਨ੍ਹਾਂ ਕਿਹਾ ਕਿ ਸੰਤ ਜੀ ਮੇਰੀ ਮਾਂ ਨੇ ਕਾੜਨੀ ਵਿਚੋਂ ਦੁੱਧ ਦਿੱਤਾ ਹੈ ਆਪ ਜੀ ਛਕੋ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਤੈਨੂੰ ਸਾਡੇ ਨਾਲ ਐਨਾ ਪਿਆਰ ਹੈ। ਬਾਲ ਬੂੜੇ ਨੇ ਕਿਹਾ ਕਿ ਦੁੱਧ ਛਕ ਕੇ ਗੁਰੂ ਘਰ ਦੀ ਗੱਲ ਸੁਣਾਓ, ਪਰਮਾਤਮਾ ਦੀ ਗੱਲ ਕਰੋ, ਮੇਰਾ ਜਨਮ ਮਰਨ ਕੱਟ ਦਿਓ। ਗੁਰੂ ਨਾਨਕ ਦੇਵ ਜੀ ਨੇ ਦੁੱਧ ਛਕਣ ਉਪਰੰਤ ਕਿਹਾ ਕਿ ਬੇਟਾ ਤੂੰ ਅਜੇ ਬੱਚਾ ਹੈਂ ਤੇ ਇਹ ਬੁੱਧੀ ਤੈਨੂੰ ਕਿੱਥੋਂ ਮਿਲੀ। ਬੂੜੇ ਨੇ ਕਿਹਾ ਕਿ ਕੁੱਝ ਸਮਾਂ ਪਹਿਲਾਂ ਮੁਗਲਾਂ ਦੀ ਫੌਜ ਸਾਡੇ ਪਿੰਡ ਆਈ ਤੇ ਸਾਡੀਆਂ ਕੱਚੀਆਂ ਪੱਕੀਆਂ ਫਸਲਾਂ ਵੱਡ ਲਈਆਂ ਤੇ ਇਹ ਦੇਖ ਕੇ ਮਨ ਵਿਚ ਵਿਚਾਰ ਆਇਆ ਕਿ ਇਨ੍ਹਾਂ ਨੂੰ ਕਿਸੇ ਨੇ ਨਹੀਂ ਫੜ੍ਹਿਆ ਪਰ ਜਦੋਂ ਜਮਦੂਤ ਆਏ ਤਾਂ ਉਨ੍ਹਾਂ ਨੂੰ ਰੋਕੂਗਾ ਕੌਣ ? ਗੁਰੂ ਨਾਨਕ ਦੇਵ ਜੀ ਨੇ ਬੂੜੇ ਨੂੰ ਗਲ ਨਾਲ ਲਾਇਆ ਅਤੇ ਉਨ੍ਹਾਂ ਕਿਹਾ ਕਿ ਤੂੰ ਅਜੇ ਬੱਚਾ ਏਂ ਪਰ ਤੇਰੀ ਸੋਚ ਬੁੱਢਿਆਂ ਵਾਲੀ ਹੈ ਤੂੰ ਤਾਂ ਸਾਡਾ ਬੁੱਢਾ ਹੈਂ, ਤੂੰ ਸਿਮਰਨ ਕਰਿਆ ਕਰ, ਸਭ ਭਲੀ ਹੋਵੇਗੀ। ਬਾਅਦ ਵਿਚ ਉਨ੍ਹਾਂ ਦਾ ਨਾਂਅ ਬੂੜਾ ਤੋਂ ਬਾਬਾ ਬੁੱਢਾ ਜੀ ਪੈ ਗਿਆ। ਜਦ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸੰਪੂਰਨ ਕਰ ਲਈਆਂ ਤਦ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ ਕੋਲ ਆਏ ਅਤੇ ਗੁਰੂ ਘਰ ਦੀ ਸੇਵਾ ਵਿਚ ਜੁਟ ਗਏ। ਉਹ ਦਿਨ ਵਿਚ ਸੰਗਤਾਂ ਦੀ ਸੇਵਾ ਕਰਦੇ ਅਤੇ ਖੇਤਾਂ ਵਿਚ ਵਾਹੀ ਦਾ ਕੰਮ ਕਰਦੇ ਸਨ ਅਤੇ ਨਾਲ ਗੁਰੂ ਦਾ ਨਾਮ ਜਪਦੇ ਸਨ। ਸੰਨ 1523 ਵਿਚ ਉਨ੍ਹਾਂ ਦਾ ਵਿਆਹ ਪਿੰਡ ਬਟਾਲੇ ਵਿਖੇ ਬੀਬੀ ਮਿਰੋਅ ਨਾਲ ਹੋਇਆ। ਉਨ੍ਹਾਂ ਦੇ ਚਾਰ ਪੁੱਤਰ ਭਾਈ ਸੁਧਾਰੀ ਜੀ, ਭਾਈ ਬਿਖਾਰੀ ਜੀ, ਭਾਈ ਮਹਿਮੂ ਜੀ, ਭਾਈ ਭਾਨਾ ਜੀ ਹੋਏ। ਸੰਨ 1539 ਈ: ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਬਾਬਾ ਬੁੱਢਾ ਜੀ ਨੇ ਭਾਈ ਲਹਿਣਾ ਜੀ ਨੂੰ ਤਿਲਕ ਲਗਾਇਆ ਤੇ ਫਿਰ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਚਲੇ ਗਏ ਤੇ ਬਾਬਾ ਬੁੱਢਾ ਜੀ ਵੀ ਉੱਥੇ ਚਲੇ ਗਏ ਅਤੇ ਲੰਗਰ ਦੀ ਸੇਵਾ ਵਿਚ ਜੁਟ ਗਏ। ਸੰਨ 1552 ਵਿਚ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸਮੇਂ ਤਿਲਕ ਲਗਾਇਆ। ਗੁਰੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਦੂ ਨੇ ਗੁਰਗੱਦੀ ਤੇ ਆਪਣਾ ਹੱਕ ਜਿਤਾਇਆ ਅਤੇ ਉਸ ਸਮੇਂ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਛੱਡ ਕੇ ਆਪਣੇ ਪਿੰਡ ਬਾਸਰਕੇ ਚਲੇ ਗਏ ਅਤੇ ਘਰ ਵਿਚ ਦਰਵਾਜਾ ਬੰਦ ਕਰਕੇ ਭਗਤੀ ਕਰਨ ਲੱਗੇ ਅਤੇ ਉਸ ਸਮੇਂ ਗੁਰੂ ਜੀ ਨੇ ਹੁਕਮ ਕੀਤਾ ਕਿ ਕੋਈ ਵੀ ਦਰਵਾਜਾ ਨਾ ਖੋਲੇ, ਨਾ ਹੀ ਕੋਸ਼ਿਸ਼ ਕਰੇ, ਜੇ ਕੋਈ ਇਸ ਤਰ੍ਹਾਂ ਕਰੇਗਾ ਤਾਂ ਉਹ ਗੁਰੂ ਘਰ ਦਾ ਵਿਰੋਧੀ ਹੋਵੇਗਾ। ਉਸ ਸਮੇਂ ਬਾਬਾ ਬੁੱਢਾ ਜੀ ਨੇ ਸਿਆਣਪ ਵਰਤਦੇ ਹੋਏ ਘਰ ਦੇ ਸਾਹਮਣੇ ਦਾ ਦਰਵਾਜਾ ਖੋਲਣ ਦੀ ਬਿਜਾਏ ਘਰ ਦੇ ਪਿਛਲੇ ਪਾਸੇ ਵਾਲੀ ਕੰਧ ਵਿਚ ਸੰਨ ਲਾ ਕੇ ਘਰ ਅੰਦਰ ਵੜ੍ਹ ਗਏ ਅਤੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਨਾਲ ਵਿਚਾਰਾਂ ਕਰਕੇ ਉਹ ਗੁਰੂ ਸਾਹਿਬ ਨਾਲ ਹੀ ਗੋਇੰਦਵਾਲ ਸਾਹਿਬ ਆ ਗਏ। ਉਸ ਸਮੇਂ ਸਮਾਜ ਵਿਚ ਛੂਤਛਾਤ, ਊਚ ਨੀਚ ਦੀ ਭਾਵਨਾ ਨੂੰ ਖਤਮ ਕਰਨ ਲਈ ਅਤੇ ਇਸਦੇ ਸਦੀਵੀ ਹੱਲ ਲਈ ਬਾਊਲੀ ਬਣਾਉਣੀ ਚਾਹੀ। ਇਸ ਬਾਊਲੀ ਦਾ ਪਹਿਲਾ ਟੱਕ ਸੰਨ 1552 ਵਿਚ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਤੋਂ ਲਗਵਾਇਆ। ਗੁਰੂ ਅਮਰਦਾਸ ਜੀ ਮਹਾਰਾਜ ਨੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਅਤੇ ਜਿਸਦੇ ਮੁੱਖ ਪ੍ਰਬੰਧਕ ਬਾਬਾ ਬੁੱਢਾ ਜੀ ਥਾਪੇ ਗਏ। ਗੁਰੂ ਜੀ ਜਦ ਸੱਚਖੰਡ ਜਾਣ ਵਾਲੇ ਸਨ ਤਾਂ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਤੇ ਤਿਲਕ ਲਾ ਕੇ ਬਿਰਾਜਮਾਨ ਕੀਤਾ ਅਤੇ ਤੀਸਰੇ ਗੁਰੂ ਸਾਹਿਬਾਨ ਦਾ ਅੰਤਮ ਸੰਸਕਾਰ ਵੀ ਆਪਣੇ ਹੱਥਾਂ ਨਾਲ ਕੀਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ ਦੀ ਸਥਾਪਨਾ ਕੀਤੀ ਅਤੇ ਸਰੋਵਰ ਦੀ ਖੁਦਾਈ ਦਾ ਕੰਮ ਬਾਬਾ ਬੁੱਢਾ ਜੀ ਦੇ ਕਰ ਕਮਲਾਂ ਦੁਆਰਾ ਕਰਵਾਇਆ। ਬਾਬਾ ਬੁੱਢਾ ਜੀ ਬੇਰੀ ਹੇਠਾਂ ਬੈਠ ਕੇ ਸਮੁੱਚੇ ਕੰਮ ਕਾਰ ਦੀ ਦੇਖ ਰੇਖ ਕਰਦੇ ਅਤੇ ਹੁਣ ਇਹ ਬੇਰੀ, ਬੇਰੀ ਬਾਬਾ ਬੁੱਢਾ ਜੀ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਸੰਨ 1581 ਵਿਚ ਵਿਚ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵੇਲੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਉਸ ਸਮੇਂ ਬਾਬਾ ਬੁੱਢਾ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਸੰਗਤਾਂ ਨੂੰ ਪੜ੍ਹ ਕੇ ਸਰਵਣ ਕਰਵਾਇਆ। ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਕੋਲ ਮਿੱਸੇ ਪ੍ਰਸ਼ਾਦੇ ਲੈ ਕੇ ਗਏ ਅਤੇ ਉਨ੍ਹਾਂ ਤੋਂ ਪੁੱਤਰ ਦੀ ਦਾਤ ਮੰਗੀ। ਉਸ ਸਮੇਂ ਬਾਬਾ ਬੁੱਢਾ ਜੀ ਨੇ ਕਿਹਾ ਕਿ ਤੁਹਾਡੇ ਘਰ ਮਹਾਂਬਲੀ ਯੋਧਾ ਪੈਦਾ ਹੋਵੇਗਾ ਜਿਹੜਾ ਜਾਲਮਾਂ ਦਾ ਖਾਤਮਾ ਕਰੇਗਾ । ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਾਜ ਤਿਲਕ ਲਗਾਇਆ ਅਤੇ ਗੁਰੂ ਜੀ ਨੇ ਸੰਨ 1609 ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਅਤੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਜੁੰਮੇਵਾਰੀ ਸੌਂਪ ਦਿੱਤੀ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ ਅਤੇ 65 ਤਰ੍ਹਾਂ ਦੀ ਗੁਰੂ ਵਿੱਦਿਆ ਦਿੱਤੀ। ਗਵਾਲੀਅਰ ਦੇ ਕਿਲੇ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਜਹਾਂਗੀਰ ਨੇ ਕੈਦ ਕਰਵਾ ਦਿੱਤਾ ਅਤੇ ਜਦੋਂ ਬਾਬਾ ਬੁੱਢਾ ਜੀ ਗਵਾਲੀਅਰ ਗਏ ਅਤੇ ਉੱਥੇ ਗੁਰੂ ਜੀ ਦੇ ਦਰਸ਼ਨ ਨਾ ਕਰ ਸਕੇ। ਗੁਰੂ ਹਰਗੋਬਿੰਦ ਸਾਹਿਬ ਕਿਲੇ ਵਿਚੋਂ ਰਿਹਾਅ ਹੋਏ ਤਾਂ ਬਾਬਾ ਬੁੱਢਾ ਜੀ ਨੇ ਸਾਰੇ ਸ਼ਹਿਰ ਵਿਚ ਦੀਪਮਾਲਾ ਕਰਵਾਈ। ਜਦੋਂ ਬਾਬਾ ਬੁੱਢਾ ਜੀ ਬਿਰਧ ਅਵਸਥਾ ਵਿਚ ਆਏ ਤਾਂ ਉਹ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਆਪਣੇ ਪਿੰਡ ਰਮਦਾਸ ਪਹੁੰਚ ਗਏ। ਸੰਨ 16 ਨਵੰਬਰ 1631 ਈ: ਨੂੰ ਬਾਬਾ ਬੁੱਢਾ ਜੀ 125 ਸਾਲ ਦੀ ਉਮਰ ਬਤੀਤ ਕਰਨ ਉਪਰੰਤ ਅਕਾਲ ਚਲਾਣਾ ਕਰ ਗਏ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਹੱਥਾਂ ਨਾਲ ਬਾਬਾ ਬੁੱਢਾ ਜੀ ਦਾ ਅੰਤਿਮ ਸੰਸਕਾਰ ਕੀਤਾ। ਗੁਰਦੁਆਰਾ ਬਾਬਾ ਬੁੱਢਾ ਜੀ ਦੇ ਦਰ ਤੇ ਅੱਜ ਵੀ ਅਰਦਾਸ ਕਰਕੇ ਬੱਚਿਆਂ ਦੀ ਦਾਤ ਮਿਲਦੀ ਹੈ।

**-ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ**
**ਮਕਾਨ ਨੰਬਰ 166 ਗਲੀ ਹਜਾਰਾ ਸਿੰਘ ਮੋਗਾ-142001**
**ਵਟਸਐਪ: +91-97-810-40140**

# ਤਜ਼ਾਕਿਸਤਾਨ ਵਿੱਚ ਫਸੇ ਸੱਤ ਪੰਜਾਬੀ ਨੌਜਵਾਨ ਹਫਤੇ ਦੇ ਅੰਤ ਵਿੱਚ ਸੁਰੱਖਿਅਤ ਘਰ ਪਰਤਣਗੇ: ਸਾਹਨੀ

ਨਵੀਂ ਦਿੱਲੀ 23 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ (ਰਾਜ ਸਭਾ) ਨੇ ਪੁਸ਼ਟੀ ਕੀਤੀ ਹੈ ਕਿ ਤਜ਼ਾਕਿਸਤਾਨ ਵਿਚ ਦੁਸ਼ਾਂਬੇ ਨੇੜੇ ਫਸੇ ਸੱਤ ਪੰਜਾਬੀ ਨੌਜਵਾਨਾਂ ਨੂੰ ਸੋਮਵਾਰ ਨੂੰ ਸੁਰੱਖਿਅਤ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਇਨ੍ਹਾਂ ਨੌਜਵਾਨਾਂ ਨੇ 19 ਅਕਤੂਬਰ ਨੂੰ ਇੱਕ ਵੀਡੀਓ ਜਾਰੀ ਕਰਕੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੂੰ ਭਾਰਤ ਵਿੱਚ ਇੱਕ ਧੋਖੇਬਾਜ਼ ਏਜੰਟ ਨੇ ਗੁੰਮਰਾਹ ਕੀਤਾ ਹੈ ਅਤੇ ਰੋਗਨ ਸ਼ਹਿਰ ਵਿੱਚ ਉਨ੍ਹਾਂ ਦੇ ਮਾਲਕਾਂ ਦੁਆਰਾ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ। ਡਾ. ਸਾਹਨੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਹਰੇਕ ਭਾਰਤੀ ਦੀ ਸੁਰੱਖਿਆ ਅਤੇ ਸਨਮਾਨ ਸਾਡੇ ਲਈ ਸੱਭ ਤੋਂ ਅਹਿਮ ਹੈ। ਉਨ੍ਹਾਂ ਨੇ ਤੁਰੰਤ ਇਹ ਮਾਮਲਾ ਤਜ਼ਾਕਿਸਤਾਨ ਵਿੱਚ ਭਾਰਤੀ ਦੂਤਾਵਾਸ ਕੋਲ ਉਠਾਇਆ ਅਤੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਪੂਰਾ ਤਾਲ ਮੇਲ ਬਿਠਾਇਆ। ਡਾ. ਸਾਹਨੀ ਦੇ ਦਫ਼ਤਰ ਨੇ ਫਸੇ ਨੌਜਵਾਨਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਿਆ ਅਤੇ ਉਨ੍ਹਾਂ ਦੇ ਗੂਗਲ ਸਥਾਨ ਅਤੇ ਪਾਸਪੋਰਟ ਦੀਆਂ ਕਾਪੀਆਂ ਤਜ਼ਾਕਿਸਤਾਨ ਵਿੱਚ ਭਾਰਤੀ ਦੂਤਾਵਾਸ ਨਾਲ ਸਾਂਝੀਆਂ ਕੀਤੀਆਂ। ਡਾ. ਸਾਹਨੀ ਨੇ ਤਜ਼ਾਕਿਸਤਾਨ ਵਿੱਚ ਭਾਰਤੀ ਰਾਜਦੂਤ ਨੂੰ ਵੀ ਪੱਤਰ ਲਿਖ ਕੇ ਤੁਰੰਤ ਦਖਲ ਦੇਣ ਦੀ ਬੇਨਤੀ ਕੀਤੀ ਅਤੇ ਉਨ੍ਹਾਂ ਦੀ ਜਲਦੀ ਵਾਪਸੀ ਲਈ ਉਨ੍ਹਾਂ ਦੀਆਂ ਹਵਾਈ ਟਿਕਟਾਂ ਦੀ ਕੀਮਤ ਨਿੱਜੀ ਤੌਰ 'ਤੇ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਡਾ. ਸਾਹਨੀ ਨੇ ਭਾਰਤੀ ਦੂਤਾਵਾਸ ਦਾ ਤੁਰੰਤ ਅਤੇ ਸਾਕਾਰਤਮਕ ਜਵਾਬ ਦੇਣ ਲਈ ਧੰਨਵਾਦ ਕੀਤਾ। ਇਹ ਸਮੇਂ ਸਿਰ ਦਿੱਤਾ ਗਿਆ ਦਖਲ ਵਿਦੇਸ਼ਾਂ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਡਾ. ਸਾਹਨੀ ਨੇ ਬੇਈਮਾਨ ਟ੍ਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਦੀ ਜ਼ਰੂਰਤ ਨੂੰ ਦੁਹਰਾਇਆ ਜੋ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਦੇ ਝੂਠੇ ਵਾਅਦੇ ਕਰਕੇ ਲੁਭਾਉਂਦੇ ਹਨ। ਆਪਣੀ ਮਾਨਵਤਾਵਾਦੀ ਪਹਿਲਕਦਮੀ, ਮਿਸ਼ਨ ਹੋਪ ਦੇ ਤਹਿਤ, ਡਾ. ਸਾਹਨੀ ਨੇ ਓਮਾਨ, ਲੀਬੀਆ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਦੇਸ਼ਾਂ ਤੋਂ 150 ਤੋਂ ਵੱਧ ਪੰਜਾਬੀਆਂ ਦੀ ਵਾਪਸੀ ਨੂੰ ਸਫਲਤਾਪੂਰਵਕ ਸੁਚਾਰੂ ਬਣਾਇਆ ਹੈ।



# ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਭਾਰਤ ਦੇ ਮੁੱਖ ਨਿਆਯਧੀਸ਼ 'ਤੇ ਹਮਲੇ ਦੀ ਕੜੀ ਨਿੰਦਾ, ਜਾਤੀਅਤਾਵਾਦ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ

**ਲੰਡਨ, 23 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਦੇ ਮੁੱਖ ਨਿਆਯਧੀਸ਼ ਮਾਣਯੋਗ. ਜਸਟਿਸ ਬੀ. ਆਰ. ਗਵਾਈ 'ਤੇ ਸੁਪਰੀਮ ਕੋਰਟ ਅੰਦਰ ਹੋਏ ਹਮਲੇ ਦੀ ਕੜੀ ਨਿੰਦਾ ਕੀਤੀ ਹੈ। ਸੰਸਥਾ ਨੇ ਇਸ ਘਟਨਾ ਨੂੰ "ਭਾਰਤ ਦੀ ਨਿਆਂ ਪ੍ਰਣਾਲੀ 'ਤੇ ਸ਼ਰਮਨਾਕ ਹਮਲਾ" ਅਤੇ "ਭਾਰਤੀ ਸਮਾਜ ਵਿੱਚ ਜਾਤੀ ਅਧਾਰਤ ਪੱਖਪਾਤ ਦੀ ਜਾਰੀ ਹਕੀਕਤ" ਕਿਹਾ ਹੈ।



ਸੰਸਥਾ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਕਿਰ ਸਟਾਰਮਰ MP ਨੂੰ ਸਰਕਾਰੀ ਤੌਰ 'ਤੇ ਲਿਖਤੀ ਚਿੱਠੀ ਭੇਜੀ ਹੈ। ਇਸ ਚਿੱਠੀ ਰਾਹੀਂ ਦੋਵਾਂ ਸਰਕਾਰਾਂ ਨੂੰ ਜਾਤੀ ਅਧਾਰਤ ਭੇਦਭਾਵ ਖ਼ਿਲਾਫ਼ ਤੁਰੰਤ ਅਤੇ ਸਾਂਝੀ ਕਾਰਵਾਈ ਕਰਨ ਤੇ ਨਿਆਂਪਾਲਿਕਾ ਦੀ ਸੁਤੰਤਰਤਾ ਦੀ ਰੱਖਿਆ ਕਰਨ ਦੀ ਅਪੀਲ ਕੀਤੀ ਗਈ ਹੈ।

ਇਸ ਹਫ਼ਤੇ ਭੇਜੇ ਗਏ ਮੈਮੋਰੈਂਡਮ ਵਿੱਚ, ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਜਾਤੀ ਅਧਾਰਤ ਘ੍ਰਿਣਾ ਅਤੇ ਹਮਲਿਆਂ ਦੀ ਖੁੱਲ੍ਹੀ ਨਿੰਦਾ ਕਰੇ, ਭੇਦਭਾਵ ਵਿਰੋਧੀ ਕਾਨੂੰਨਾਂ ਦੀ ਪਾਲਣਾ ਮਜ਼ਬੂਤ ਬਣਾਏ, ਅਤੇ ਉਹਨਾਂ ਵਿਅਕਤੀਆਂ ਦੀ ਰੱਖਿਆ ਯਕੀਨੀ ਬਣਾਏ ਜੋ ਪਿੱਛੜੇ ਵਰਗਾਂ ਤੋਂ ਹਨ ਤੇ ਜਨਤਕ ਸੇਵਾਵਾਂ ਜਾਂ ਅਦਾਲਤਾਂ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾ ਰਹੇ ਹਨ।

ਇਸੇ ਨਾਲ, ਐਸੋਸੀਏਸ਼ਨ ਨੇ ਬਰਤਾਨਵੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਜਾਤੀ ਅਧਾਰਤ ਭੇਦਭਾਵ ਨੂੰ ਬਰਤਾਨਵੀ ਕਾਨੂੰਨ ਦੇ ਬਰਾਬਰੀ ਫਰੇਮਵਰਕ ਵਿੱਚ ਸ਼ਾਮਲ ਕਰੇ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਜਾਗਰੂਕਤਾ ਮੁਹਿੰਮਾਂ ਦਾ ਸਮਰਥਨ ਕਰੇ।

ਮਾਣ. ਜਸਟਿਸ ਗਵਾਈ, ਜੋ ਕਿ ਸ਼ੈਡਿਊਲ ਕਾਸਟ ਪਿਛੋਕੜ ਤੋਂ ਹਨ, ਇਸ ਮਹੀਨੇ ਸੁਪਰੀਮ ਕੋਰਟ ਅੰਦਰ ਜੁੱਤਾ ਸੁੱਟੇ ਜਾਣ ਵਾਲੀ ਘਟਨਾ ਦੇ ਨਿਸ਼ਾਨੇ ਬਣੇ ਸਨ। ਇਸ ਘਟਨਾ ਦੀ ਦੇਸ਼ ਤੇ ਵਿਦੇਸ਼ ਵਿੱਚ ਵਿਆਪਕ ਨਿੰਦਾ ਹੋਈ ਅਤੇ ਮਗਰੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਖ਼ਿਲਾਫ਼ ਜਾਤੀ ਅਧਾਰਤ ਗਾਲਾਂ ਤੇ ਘ੍ਰਿਣਾ ਭਰੇ ਸੁਨੇਹੇ ਫੈਲਾਏ ਗਏ।

ਸੀਤਲ ਸਿੰਘ ਗਿੱਲ, ਜਨਰਲ ਸਕੱਤਰ, ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ:

"ਸਾਨੂੰ ਡੂੰਘੀ ਚਿੰਤਾ ਹੈ ਕਿ ਜਾਤੀਵਾਦ ਅਜੇ ਵੀ ਪਿੰਡਾਂ ਤੋਂ ਲੈ ਕੇ ਅਦਾਲਤਾਂ ਤਕ ਲੋਕਾਂ ਦੇ ਵਰਤਾਓ ਨੂੰ ਪ੍ਰਭਾਵਤ ਕਰ ਰਿਹਾ ਹੈ।

ਮੁੱਖ ਨਿਆਯਧੀਸ਼ ਗਵਾਈ 'ਤੇ ਹਮਲਾ ਸਿਰਫ਼ ਅਦਾਲਤੀ ਮਰਿਆਦਾ 'ਤੇ ਨਹੀਂ, ਸਗੋਂ ਸੱਚੀ ਸਮਾਨਤਾ ਦੇ ਅਧੂਰੇ ਸੁਪਨੇ 'ਤੇ ਹਮਲਾ ਹੈ।

ਸਾਡੀ ਐਸੋਸੀਏਸ਼ਨ ਨਿਆਂ, ਧਰਮਨਿਰਪੇਕਤਾ ਅਤੇ ਮਨੁੱਖੀ ਮਰਿਆਦਾ ਲਈ ਖੜੀ ਹੈ। ਅਸੀਂ ਚੁੱਪ ਨਹੀਂ ਰਹਾਂਗੇ ਜਦੋਂ ਜਾਤੀ ਅਧਾਰਤ ਨਫ਼ਰਤ ਲੋਕਤੰਤਰਕ ਸੰਸਥਾਵਾਂ ਨੂੰ ਕਮਜ਼ੋਰ ਕਰਦੀ ਹੈ।"

1938 ਵਿੱਚ ਸਥਾਪਿਤ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ), ਜੋ ਬਰਤਾਨਵੀ ਟਰੇਡ ਯੂਨੀਅਨ ਅਤੇ ਆਜ਼ਾਦੀ ਅੰਦੋਲਨ ਨਾਲ ਇਤਿਹਾਸਕ ਤੌਰ 'ਤੇ ਜੁੜੀ ਰਹੀ ਹੈ, ਨੇ ਕਿਹਾ ਕਿ ਜਾਤੀ ਅਧਾਰਤ ਭੇਦਭਾਵ ਅਜੇ ਵੀ "ਸਮਾਜ ਦੇ ਹਰੇਕ ਪੱਧਰ 'ਤੇ – ਹੇਠਲੇ ਤੋਂ ਉੱਚੇ ਤਕ – ਚੱਲ ਰਿਹਾ ਹੈ।"

ਐਸੋਸੀਏਸ਼ਨ ਨੇ ਦੋਵਾਂ ਸਰਕਾਰਾਂ, ਸਮਾਜਿਕ ਸੰਗਠਨਾਂ ਅਤੇ ਅੰਤਰਰਾਸ਼ਟਰੀ ਭਾਈਚਾਰਿਆਂ ਨੂੰ ਇਕੱਠੇ ਮਿਲ ਕੇ ਇਸ ਸਦੀਆਂ ਪੁਰਾਣੇ ਅਨਿਆਇ ਨੂੰ "ਜਨਤਕ ਜੀਵਨ ਦੇ ਹਰ ਖੇਤਰ ਤੋਂ ਮੁਕਾਉਣ" ਦੀ ਅਪੀਲ ਕੀਤੀ। ਐਸੋਸੀਏਸ਼ਨ ਨੇ ਇਹ ਵਚਨ ਦਿੱਤਾ ਕਿ ਉਹ ਜਾਤ, ਵਰਗ ਜਾਂ ਧਰਮ ਅਧਾਰਤ ਹਰੇਕ ਜ਼ੁਲਮ ਦੇ ਵਿਰੁੱਧ ਆਪਣੀ ਲੜਾਈ ਜਾਰੀ ਰੱਖੇਗੀ ਅਤੇ ਭਾਰਤ , ਬਰਤਾਨੀਆ ਅਤੇ ਸਮੁੱਚੀ ਦੁਨੀਆ ਵਿੱਚ ਸਮਾਨਤਾ ਅਤੇ ਨਿਆਂ ਲਈ ਆਪਣੀ ਅਵਾਜ਼ ਉਠਾਉਂਦੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬੱਬਰਾਂ ਦੇ ਹਾਈਕੋਰਟ ਗੁਰਦੁਆਰਾ ਸਹੀਦਾਂ ਜੱਸੋਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਿਤ ਸਮਾਗਮਾਂ ਦੀ ਹੋਈ ਆਰੰਭਤਾ

## ਵੱਖ-ਵੱਖ ਜਥੇਬੰਦੀਆਂ ਦਲ ਪੰਥ ਦੇ ਜਥੇਦਾਰ ਸਾਹਿਬਾਨਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਸੰਤ ਚਰਨਜੀਤ ਸਿੰਘ ਜੱਸੋਵਾਲ ਨਾਲ ਕੀਤੀ ਮੀਟਿੰਗ

**ਜੰਡਿਆਲਾ ਗੁਰੂ, 11 ਅਕਤੂਬਰ ( ਕੁਲਵੰਤ ਸਿੰਘ ਵਿਰਦੀ)-** ਅੱਜ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਟਕਸਾਲ ਵਿਦਿਆਰਥੀ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਨੇ ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕੀਤੀ ਕਿ1 ਨਵੰਬਰ ਨੂੰ ਗੁਰਦੁਆਰਾ ਸਹੀਦਾਂ ਸਾਹਿਬ ਬੱਬਰਾਂ ਦੇ ਹਾਈਕੋਰਟ ਪਿੰਡ ਜੱਸੋਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਾਰੀ ਦੀਵਾਨ ਸਜਾਏ ਜਾ ਰਹੇ ਹਨ ਇਨਾਂ ਸਮਾਗਮਾਂ ਸੰਬੰਧੀ ਬੀਤੇ ਦਿਨ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਦਲ ਪੰਥ ਦੇ ਜਥੇਦਾਰ ਸਾਹਿਬਾਨਾਂ ਵੱਲੋਂ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਭਾਰੀ ਮੀਟਿੰਗ ਕੀਤੀ ਗਈ !ਅਤੇ ਇਸ ਮੀਟਿੰਗ ਵਿੱਚ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਸਮਾਗਮਾਂ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚ ਕਿ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਸੰਗਤ ਜ਼ੂਰ ਕਰੋ ਤਾਂ ਜੋ ਸਾਡਾ ਸੰਸਾਰ ਵਿੱਚ ਆਇਆ ਸਫਲ ਹੋ ਸਕੇ !ਅੱਗੇ ਮੀਟਿੰਗ ਵਿੱਚ ਕਿਹਾ ਗਿਆ ਕਿ ਇਨਾਂ ਸਮਾਗਮਾਂ ਦੀ ਆਰੰਭਤਾ 20 ਅਕਤੂਬਰ ਤੋਂ ਹੋ ਚੁੱਕੀ ਹੈ ਜੋ 1 ਨਵੰਬਰ ਤੱਕ ਇਹ ਸਮਾਗਮ ਚੱਲਣਗੇ ! ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 1 ਨਵੰਬਰ ਨੂੰ 29 ਵੇਂ ਸਾਲ ਵਿੱਚ ਸੰਪੂਰਨ ਹੋਵੇਗਾ ਅਤੇ ਇਨਾਂ ਸਮਾਗਮਾਂ ਨੂੰ ਲੈ ਕਿ ਇਲਾਕੇ ਦੀਆਂ ਸੰਗਤਾਂ ਵਿੱਚ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਅਤੇ ਸੰਗਤਾਂ ਤਨ-ਮਨ ਧਨ ਨਾਲ ਸੇਵਾਵਾਂ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸੀਆਂ ਪ੍ਰਾਪਤ ਕਰ ਰਹੀਆਂ ਹਨ ਜਿਸ ਸੰਬੰਧੀ ਅੱਜ ਵੱਖ ਵੱਖ ਇਲਾਕਿਆਂ ਤੋਂ ਪਹੁੰਚੀਆਂ ਸੰਗਤਾਂ ਨੂੰ ਅਤੇ ਪਿੰਡ ਕੁਕੋਵਾਲ ਦੀਆਂ ਸੰਗਤਾਂ, ਨਗਰ ਦੇ ਮੋਹਤਬਰ,ਅਤੇ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਨੂੰ ਸਦਾ ਪੱਤਰ ਦਿੱਤੇ ਗਏ ਜਿਸ ਵਿੱਚ ਸਮੂਹ ਸੰਗਤਾਂ ਨੇ ਵਿਸ਼ਵਾਸ ਦਵਾਇਆ ਕਿ ਇੱਕ ਨਵੰਬਰ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸਹੀਦੀ ਸ਼ਤਾਬਦੀ ਗੁਰਦੁਆਰਾ ਸਹੀਦਾਂ ਜੱਸੋਵਾਲ ਵਿਖੇ ਮਨਾਈ ਜਾ ਰਹੀ ਉਸ ਵਿੱਚ ਵੱਧ ਤੋਂ ਵੱਧ ਸੰਗਤਾਂ ਹਾਜ਼ਰੀਆਂ ਭਰ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਹਾਦਤ ਨੂੰ ਸਮਰਪਿਤ ਹੋਣਗੀਆਂ !ਇਸ ਮੌਕੇ ਵਿਸੇਸ ਤੌਰ ਤੇ ਜਥੇਦਾਰ ਨਿਹੰਗ ਸਿੰਘ ਬਾਬਾ ਮਲਕੀਤ ਸਿੰਘ ਜੀ ਗੁਰੂ ਨਾਨਕ ਦਰਬਾਰ ਗੜ੍ਹਸ਼ੰਕਰ, ਬਾਬਾ ਫਤਿਹ ਸਿੰਘ ਜੀ ਜਥੇਦਾਰ ਨਿਹੰਗ ਸਿੰਘ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਬੁੱਢਾ ਦਲ ਨਿਹੰਗ ਸਿੰਘ, ਜਥੇਦਾਰ ਅੰਗ੍ਰੇਜ ਸਿਘ ਨਿਹੰਗ ਸਿੰਘ ਅੰਮ੍ਰਿਤਸਰ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਸਵਰਨਜੀਤ ਸਿੰਘ ਜੀ ਨਿਹੰਗ ਸਿੰਘ, ਜਥੇਦਾਰ ਬਾਬਾ ਫਤਿਹ ਸਿੰਘ ਜੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਛਾਉਣੀ ਨਿਹੰਗ ਸਿੰਘਾਂ ਨਵਾਂ ਸ਼ਹਿਰ, ਜਥੇਦਾਰ ਬਾਬਾ ਮਲਕੀਤ ਸਿੰਘ ਜੀ ਗੁਰੂ ਨਾਨਕ ਦਰਬਾਰ ਗੜ੍ਹਸ਼ੰਕਰ, ਗੁਰਦੁਆਰਾ ਸ਼ਹੀਦਾਂ ਜੱਸੋਵਾਲ (ਬੀਹੜਾਂ) ਹਾਈਕੋਰਟ ਦੇ ਪ੍ਰਬੰਧਕ ਭਾਈ ਜਰਨੈਲ ਸਿੰਘ ਢਿੱਲੋਂ ਅਤੇ ਹੋਰ ਜਥੇਬੰਦੀਆਂ ਦੇ ਆਗੂ, ਅਤੇ ਇਲਾਕੇ ਦੀਆਂ ਸੰਗਤਾਂ ਨੇ ਮੀਟਿੰਗ ਵਿੱਚ ਹਿੱਸਾ ਲਿਆ ਇਸ ਮੌਕੇ ਸੰਤ ਚਰਨਜੀਤ ਸਿੰਘ ਜੱਸੋਵਾਲ ਵਾਲਿਆਂ ਵੱਲੋਂ ਸੰਗਤਾਂ ਨੂੰ ਸੱਦਾ ਪੱਤਰ ਦਿੱਤੇ !ਇਨਾਂ ਸਮਾਗਮਾ ਵਿੱਚ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਗਿਆਨੀ ਜਸਵੀਰ ਸਿੰਘ ਜੀ ਰੋਡੇ ਤੇ ਪੰਥ ਦੇ ਮਹਾਨ ਰਾਗੀ ਢਾਡੀ ,ਦਲ ਪੰਥ, ਨਿਹੰਗ ਸਿੰਘ ਫੌਜਾਂ,ਸੰਤ ਮਹਾਂਪੁਰਖ ਪਹੁੰਚ ਰਹੇ ਹਨ ਸੰਗਤਾਂ ਹਾਜਰੀਆਂ ਭਰਕੇ ਸੇਵਾ ਕਰਕੇ ਲਾਹੇ ਪ੍ਰਾਪਤ ਕਰੋ !













ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243